# ਸਿੱਖ ਸੂਰਮਗਤੀ ਦੀ ਸ਼ਾਨਦਾਰ ਵਿਥਿਆ

ਦਸਮ ਪਾਤਸ਼ਾਹ ਕਲਗੀਧਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ ਈ: ਦੀ ਇਤਿਹਾਸਕ ਵੈਸਾਖੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਖੰਡੇ ਦੀ ਪਾਹੁਲ ਪਿਲਾ ਕੇ ਪੰਥ ਖਾਲਸਾ ਦੀ ਸਾਜਣਾ ਕੀਤੀ। ਇਸ ਧਰਤੀ ਪਰ ਅਕਾਲ ਪੁਰਖ ਦੇ ਸੱਚੇ ਸਿਪਾਹੀ ਤੇ ਜਾਂਬਾਜ਼ ਸਚਿਆਰ ਦੀ ਉਤਪਤੀ ਹੋਈ ਸੀ । ਇਸ ਨਾਲ ਖਾਲਸੇ ਦਾ ਤੇਜ਼ ਵੱਧ ਗਿਆ ਤੇ ਅਗਲੇ ਪੰਜਾਹ-ਸੱਠ ਸਾਲਾਂ ਵਿੱਚ ਹੀ ਸ਼ਕਤੀਸ਼ਾਲੀ ਖ਼ਾਲਸਾ ਪੰਥ ਨੇ ਉਸ ਸਮੇਂ ਦੀ ਸਭ ਤੋਂ ਵੱਡੀ, ਤਾਕਤਵਰ ਤੇ ਜ਼ਾਲਮ ਬਿਦੇਸ਼ੀ ਹਕੂਮਤ ਦੀ ਸਫ਼ ਵਲ੍ਹੇਟ ਕੇ ਰੱਖ ਦਿੱਤੀ ਤੇ ਅਠਾਰਵੀਂ ਸਦੀ ਦੇ ਅੰਤਲੇ ਸਾਲ ਵਿੱਚ ਪੰਜਾਬ ਵਿੱਚ ਖਾਲਸਾ ਸਰਕਾਰ ਦੀ ਸਥਾਪਨਾ ਕਰ ਲਈ । 'ਪੰਥ ਪ੍ਰਕਾਸ਼' ਦਾ ਕਰਤਾ ਸ਼ਹੀਦ ਰਤਨ ਸਿੰਘ ਭੰਗੂ ਲਿਖਦਾ ਹੈ :

ਖੰਡੈ ਪਾਹੁਲ ਪੀ ਹੋਵੋ ਤੇਜ ਧਾਰੀ ।
ਲਓ ਤੁਰਕਨ ਕੋ ਅਬ ਤੁਮ ਮਾਰੀ ।

ਅਤੇ :

ਖੰਡੈ ਪਾਹੁਲ ਮੇਂ ਭਈ ਅਬ ਕਲਾ ।
ਤੁਰਕ ਜਾਉਗ ਨੱਠ, ਪੰਥ ਅਟੱਲਾ ।

ਸਤਿਗੁਰੂ ਨੇ ਪੰਥ ਖਾਲਸੇ ਨੂੰ ਪਾਤਿਸ਼ਾਹੀ ਬਖਸ਼ ਕੇ ਹਰ ਸਿੱਖ ਨੂੰ ਸਰਦਾਰ ਤੇ ਸਿਪਾਹਸਾਲਾਰ ਬਣਾ ਦੇਣ ਦਾ ਵਰ ਵੀ ਦਿੱਤਾ :

ਇਨ ਗ੍ਰੀਬ ਸਿੰਘਨ ਕੋ ਦਯੋ ਪਾਤਸ਼ਾਹੀ ।
ਏ ਯਾਦ ਰਖੇਂ ਹਮਰੀ ਗੁਰਿਆਈ ।

ਅਤੇ :

ਖੰਡੈ ਪਾਹੁਲ ਚਿਤ ਮਧ ਠਟੀ ।
ਇਮ ਹੋਵੋਗੋ ਖਾਲਸਾ ਹੱਠੀ ।

ਹੋਰ :

ਪੜੇ ਪਤਿਸ਼ਾਹੀ ਇਮ ਇਨ ਖੋਇ ।
ਹੰਨੇ ਹੰਨੇ ਹਮ ਪਤਿਸ਼ਾਹ ਹੋਇ ।

ਤੇ ਦਸ਼ਮ ਪਾਤਿਸ਼ਾਹ ਦੇ ਇਹ ਬਚਨ ਸੱਚ ਸਿੱਧ ਹੋਏ ਅਤੇ ਪੰਥ ਖਾਲਸਾ ਦੀ ਸਰਕਾਰ ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਤੱਕ ਲੱਦਾਖ, ਕਸ਼ਮੀਰ, ਪਿਸ਼ਾਵਰ, ਅਟਕ ਤੇ ਖ਼ੈਬਰ ਤੋਂ ਲੈ ਕੇ ਸਤਲੁਜ ਦਰਿਆ ਤੱਕ ਫੈਲ ਚੁਕੀ ਸੀ । ਇਹ ਸਿੱਖ ਸੈਨਾ ਦੀ ਸੂਰਮਤਾਈ, ਵਫ਼ਾਦਾਰੀ, ਬਹਾਦਰੀ ਤੇ ਜਾਂਬਾਜ਼ੀ ਦੀ ਜ਼ਿੰਦਾ ਮਿਸਾਲ ਸੀ। ਸੰਸਾਰ ਭਰ ਵਿੱਚ ਖ਼ਾਲਸੇ ਦੀ ਧਾਂਕ ਬੱਝ ਗਈ ।

ਪਰ ਅਫ਼ਸੋਸ ਕਿ ਮਹਾਰਾਜਾ ਰਣਜੀਤ ਸਿੰਘ ਦੀ ਮ੍ਰਿਤੂ ਦੇ ਦਸਾਂ ਸਾਲਾਂ ਵਿੱਚ ਹੀ ਇੱਡਾ ਵੱਡਾ ਰਾਜ ਮਿੱਟੀ ਵਿੱਚ ਰੁਲ ਗਿਆ ਅਤੇ ਖ਼ੁਦਗਰਜ਼, ਸਵਾਰਥੀ ਆਗੂਆਂ, ਲਾਲਚੀ ਡੋਗਰਿਆਂ, ਘਰੋਗੀ ਝਗੜਿਆਂ ਤੇ ਸਭ ਤੋਂ ਵੱਧ ਦੁਸ਼ਮਨ ਅੰਗਰੇਜ਼ਾਂ ਦੀਆਂ ਚਾਲਾਂ, ਸਾਜ਼ਿਸ਼ਾਂ, ਤੇ ਕਮੀਨੀਆਂ ਹਰਕਤਾਂ ਕਰਕੇ ਲਾਹੌਰ ਦਰਬਾਰ ਦਾ ਅਸਮਾਨਾਂ ਨਾਲ ਗੱਲਾਂ ਕਰਦਾ ਆਲੀਸ਼ਾਨ ਮਹਿਲ ਢਹਿ ਢੇਰੀ ਹੋ ਗਿਆ, ਪਰ ਇਸ ਵਿੱਚ ਸਿੱਖ ਫੌਜਾਂ ਤੇ ਅਕਾਲੀ ਸੂਰਬੀਰਾਂ ਦਾ ਕੋਈ ਦੋਸ਼ ਨਹੀਂ ਸੀ । ਉਹ ਅੰਤਲੇ ਸਵਾਸਾਂ ਤੱਕ ਰਣਭੂਮੀ ਵਿੱਚ ਛਾਤੀਆਂ ਡਾਹ ਕੇ ਜੂਝਦੇ ਰਹੇ ।

ਅੰਗਰੇਜ਼ਾਂ ਸਿੱਖਾਂ ਦੀਆਂ ਇਤਿਹਾਸਕ ਲੜਾਈਆਂ ਦੇ ਅਸਲ ਤੱਥ ਤੇ ਸੱਚੇ ਹਾਲਾਤ ਉਪ੍ਰੋਕਤ ਕਥਨ ਦੀ ਪੁਸ਼ਟੀ ਕਰਦੇ ਹਨ । ਸ: ਕਰਨੈਲ ਸਿੰਘ ਸਾਬਕਾ ਡਿਪਟੀ ਡਾਇਰੈਕਟਰ, ਪੰਚਾਇਤਾਂ, ਪੰਜਾਬ ਦੀ ਇਹ ਘਾਲ ਸਿੱਖ ਇਤਿਹਾਸ ਦੇ ਸੋਨ ਸੁਨਹਿਰੀ ਪਤਰਿਆਂ ਨੂੰ ਸਾਕਾਰ ਕਰਦੀ ਹੈ ਅਤੇ ਸੰਸਾਰ ਭਰ ਦੇ ਦੇਸ਼ - ਹਿਤੈਸ਼ੀਆਂ ਨੂੰ ਸਿੱਖ ਸੂਰਬੀਰਾਂ ਦੀ ਸੂਰਮਗਤੀ ਤੇ ਬਹਾਦਰੀ ਦੀਆਂ ਮਾਰੀਆਂ ਤੇਗਾਂ ਪੁਰ ਗੌਰਵ ਕਰਨ ਦਾ ਅਵਸਰ ਮੁਹੱਈਆ ਕਰਦੀ ਹੈ । ਨਿਰਸੰਦੇਹ ਇਹ ਪੁਸਤਕ ਸਿੱਖ ਬਹਾਦਰੀ ਦੀਆਂ ਰਵਾਇਤਾ ਨੂੰ ਸੁਰਜੀਤ ਕਰਨ ਦਾ ਇੱਕ ਵੱਡਾ ਉਪਰਾਲਾ ਹੈ । ਸਮੁੱਚਾ ਸਿੱਖ ਪੰਥ ਵਿਸ਼ੇਸ਼ ਕਰਕੇ ਅਤੇ ਪੰਜਾਬ ਤੇ ਦੇਸ਼ ਵਾਸੀ ਆਮ ਤੌਰ ਤੇ ਕਰਤਾ ਦੇ ਰਿਣੀ ਹਨ ਕਿ ਉਨ੍ਹਾਂ ਨੇ ਇਤਨੀ ਖੋਜ ਤੇ ਲਗਾਤਾਰ ਮਿਹਨਤ ਨਾਲ

ਸਿੱਖ ਇਤਿਹਾਸ ਦੇ ਸੁਨਹਿਰੀ ਕਾਲ ਨੂੰ ਸੂਰਜ ਵਾਂਗ ਰੌਸ਼ਨ ਕਰ ਵਖਾਇਆ ਹੈ, ਜਿਸ ਨੂੰ ਦੁਸ਼ਮਨ ਤੇ ਵਿਰੋਧੀਆਂ ਦੀਆਂ ਚਾਲਾਂ ਤੇ ਲਿਖਤਾਂ ਨੇ ਹੁਣ ਤੱਕ ਧੁੰਦਲਿਆਂ ਕਰ ਰੱਖਿਆ ਸੀ ਅਤੇ ਇਹ ਇਤਿਹਾਸਕ ਵਿਥਿਆ ਅੰਨ੍ਹੇਰੇ ਵਿੱਚ ਗ੍ਰਸੀ ਰਹੀ ਸੀ।

ਮੈਨੂੰ ਪੂਰਨ ਆਸ ਹੈ ਕਿ ਸਿੱਖ-ਜਗਤ, ਸਿੱਖ ਯੁਵਕ ਤੇ ਆਉਣ ਵਾਲੀਆਂ ਨਸਲਾਂ ਇਸ ਪੁਸਤਕ ਤੋਂ ਭਾਰੀ ਪ੍ਰੇਰਨਾ ਪ੍ਰਾਪਤ ਕਰਨਗੀਆਂ ਅਤੇ ਆਪਣੇ ਵੱਡੇ ਵਡੇਰਿਆਂ ਦੀਆਂ ਕੀਤੀਆਂ ਘਾਲਾਂ ਤੇ ਮਾਰੀਆਂ ਤੇਗਾਂ ਦੀ ਸੱਚੀ ਵਿਥਿਆ ਨੂੰ ਪੜ੍ਹ-ਪੜ੍ਹ ਆਪਣੇ ਖੂਨ ਨੂੰ ਗਰਮਾਉਣਗੀਆਂ। ਨਿਰਸੰਦੇਹ ਸਾਨੂੰ ਸਭਨਾਂ ਨੂੰ ਇਸ 'ਚੋਂ ਇੱਕ ਅਦੁੱਤੀ ਆਵੇਸ਼ ਪ੍ਰਾਪਤ ਹੋਵੇਗਾ।

ਮੈਂ ਆਸ ਕਰਦਾ ਹਾਂ ਕਿ ਸਾਡੇ ਸਿੱਖ ਨੌਜਵਾਨ ਆਪਣੇ ਮਹਾਨ ਜੋਧਿਆਂ ਤੇ ਪੰਥ ਦੇ ਹਿਤੈਸ਼ੀਆਂ; ਸ਼ਹੀਦਾਂ ਦੀਆਂ ਘਾਲਾਂ ਤੇ ਪੂਰਨਿਆਂ ਤੇ ਚਲਣ ਦਾ ਸਾਹਸ ਹਾਸਲ ਕਰਨਗੇ ਅਤੇ ਇਤਿਹਾਸ ਨੂੰ ਹਰ ਸੰਕਟ ਕਾਲ ਵਿੱਚ ਤੇ ਔਖੇ ਅਜ਼ਮਾਇਸ਼ੀ ਸਮੇਂ ਵਿੱਚ ਮੁੜ ਕੇ ਦੁਹਰਾਉਣ ਲਈ ਤਤਪਰ ਰਹਿਣਗੇ। ਦਸਮ ਪਾਤਿਸ਼ਾਹ ਉਨ੍ਹਾਂ ਦੇ ਅੰਗ-ਸੰਗ ਹੋਣਗੇ; ਇਹ ਮੇਰਾ ਦ੍ਰਿੜ੍ਹ ਵਿਸ਼ਵਾਸ ਹੈ।

ਮੇਰੀ ਇੱਛਾ ਹੈ ਕਿ ਹਰ ਗੁਰਸਿੱਖ ਇਸ ਪੁਸਤਕ ਨੂੰ ਪੜ੍ਹ ਕੇ ਖ਼ਾਲਸਾ ਪੰਥ ਦਾ ਇੱਕ ਅੰਗ ਹੋਣ ਦਾ ਅਹਿਸਾਸ ਅਨੁਭਵ ਕਰੇ।


ਗੁਰਚਰਨ ਸਿੰਘ ਟੌਹੜਾ
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

# ਪ੍ਰੇਰਨਾ

ਆਪ ਜੀ ਦੀ ਇਹ ਪੁਸਤਕਾ ਮੈਂ ਅੱਜ ਇਕੋ ਸਾਹੇ ਪੜ੍ਹ ਗਿਆ। ਇਸ ਦਾ ਪਾਠ ਇਤਨਾ ਰੌਚਕ ਪਰ ਦਰਦਨਾਕ ਹੈ ਕਿ ਮੈਂ ਇਸ ਨੂੰ ਪੜ੍ਹੇ ਬਿਨਾਂ ਅੱਧ-ਵਿਚਕਾਰ ਛੱਡਣ ਦਾ ਹੀਲਾ ਨਾ ਕਰ ਸਕਿਆ, ਇਸ ਤੌਖਲੇ ਕਰਕੇ, ਕਿ ਸ਼ਾਇਦ ਮੈਂ ਡੋਗਰਿਆਂ ਤੇ ਅੰਗਰੇਜ਼ਾਂ ਦੇ ਦਗੇ ਤੇ ਧਰੋਹ ਦੀ ਸਮੁੱਚੀ ਕਹਾਣੀ ਵਿਚਲੇ ਦਰਦ ਤੇ ਦੁੱਖ ਨੂੰ ਝੱਲ ਨਾ ਸਕਾਂ। ਨਾ ਕੇਵਲ ਸਬੰਧਤ ਸਾਮੱਗਰੀ ਇਕੱਤਰ ਕਰਨ ਵਿੱਚ ਹੀ, ਆਪ ਜੀ ਨੇ ਇਤਨੀ ਮਿਹਨਤ ਤੇ ਘਾਲ ਕੀਤੀ ਹੈ; ਸਗੋਂ ਇਸ ਨੂੰ ਤਰਤੀਬ ਦੇਣ ਵਿੱਚ ਵੀ ਆਪ ਦੀ ਇਹ ਲਗਨ ਪ੍ਰਸੰਸ਼ਨੀਯ ਹੈ। ਮੈਂ ਇਸ ਦੀ ਪੂਰਨ ਸ਼ਲਾਘਾ ਕਰਦਾ ਹਾਂ ਅਤੇ ਅਜਿਹੀ ਪੁਸਤਕਾ ਦੇ ਰਚਣ ਲਈ ਮੁਬਾਰਕਬਾਦ ਦਿੰਦਾ ਹਾਂ, ਖ਼ਾਸ ਕਰਕੇ ਸਿੱਖ ਰਾਜ ਦੇ ਖਾਤਮੇ ਦੇ ਕਾਂਡ ਨੂੰ ਆਪ ਨੇ ਸਹੀ ਪ੍ਰਸੰਗ ਵਿੱਚ ਪ੍ਰਸਤੁਤ ਕੀਤਾ ਹੈ।

ਮੇਰੀ ਇਹੋ ਹਾਰਦਿਕ ਇੱਛਾ ਹੈ ਕਿ ਇਥੋਂ ਦੀ ਸ਼੍ਰੋ:ਗੁ:ਪ੍ਰ: ਕਮੇਟੀ ਜਾਂ ਚੀਫ਼ ਖ਼ਾਲਸਾ ਦੀਵਾਨ ਵਰਗੀ ਕੋਈ ਸੰਸਥਾ, ਜਾਂ ਇੰਗਲੈਂਡ ਅਥਵਾ ਕਿਸੇ ਹੋਰ ਬਾਹਰਲੇ ਦੇਸ਼ ਦੀ ਕੋਈ ਸਭਾ ਸੋਸਾਇਟੀ ਇਸ ਉਪਲੱਬਧ ਸਾਮੱਗਰੀ ਨੂੰ ਬਰਤਾਨਵੀ ਸਰਕਾਰ ਤੇ ਉਸ ਦੇ ਭਾਰਤੀ ਟੱਟੂਆਂ ਦੀ ਉਸ ਭਾਰੀ ਦਗ਼ੇਬਾਜ਼ੀ ਨੂੰ ਚਿਟੇ ਦਿਨ ਵਾਂਗ ਜ਼ਾਹਰ ਕਰਨ ਲਈ ਵਰਤ ਸਕੇ, ਜਿਸ ਕਰਕੇ ਉਨ੍ਹਾਂ ਪੰਜਾਬ ਉਤੇ ਅਯੋਗ ਕਬਜ਼ਾ ਕਰ ਲਿਆ ਅਤੇ ਉਸ ਸਿੱਖ ਰਾਜ ਦਾ ਨਾਮ-ਨਿਸ਼ਾਨ ਮਿਟਾ ਦਿੱਤਾ, ਜਿਸ ਨਾਲ ਉਨ੍ਹਾਂ (ਅੰਗਰੇਜ਼ਾਂ) ਮਿੱਤ੍ਰਤਾ-ਸੰਧੀ ਕਰ ਰੱਖੀ ਸੀ ਤੇ ਜਿਸ ਦੀਆਂ ਫੌਜਾਂ ਨੇ ਅਫ਼ਗਾਨਿਸਤਾਨ ਵਿੱਚ ਉਨ੍ਹਾਂ ਦੀ ਰੱਖ ਵਖਾਈ ਸੀ ਤੇ ਸੰਸਾਰ ਸਾਹਮਣੇ ਖਲੋਣ ਜੋਗਾ ਕੀਤਾ ਸੀ।

ਇਸ ਪੁਸਤਕਾ ਨੂੰ ਇੰਗਲੈਂਡ ਦੇ ਲੋਕਾਂ ਵਿੱਚ ਲੱਖਾਂ ਦੀ ਸੰਖਿਆ ਵਿੱਚ ਵੰਡਿਆ ਜਾਣਾ ਚਾਹੀਦਾ ਹੈ ਅਤੇ ਇਸ ਨੂੰ ਸਾਰੇ ਭਾਰਤੀਆਂ, ਵਿਸ਼ੇਸ਼ ਕਰਕੇ

ਪੰਜਾਬੀਆਂ ਦੇ ਹੱਥਾਂ ਵਿੱਚ ਪਹੁੰਚਾਣਾ ਚਾਹੀਦਾ ਹੈ ਤਾਂ ਜੋ ਸੱਚ ਸਾਕਾਰ ਹੋ ਸਕੇ; ਤੇ ਆਮ ਲੋਕਾਂ ਨੂੰ ਸਹੀ ਸੱਚੇ ਤੱਥਾਂ ਦਾ ਪਤਾ ਲਗ ਸਕੇ।

ਹਰਬੰਸ ਸਿੰਘ<br>ਸਾਬਕਾ ਚੀਫ਼ ਜਸਟਿਸ<br>ਪੰਜਾਬ ਤੇ ਹਰਿਆਣਾ ਹਾਈਕੋਰਟ

# ਪ੍ਰਸੰਸਾ

ਸਰਦਾਰ ਕਰਨੈਲ ਸਿੰਘ ਵਿੱਚ ਲੋਕ-ਭਲਾਈ ਦਾ ਜਜ਼ਬਾ ਕੁੱਟ-ਕੁੱਟ ਕੇ ਭਰਿਆ ਹੋਇਆ ਹੈ। ਲੋਕਾਂ ਦੇ ਮਨਾਂ ਨੂੰ ਟੁੰਬਣ ਵਾਲੇ ਮਸਲਿਆਂ ਬਾਰੇ ਇਹ ਲਿਖ, ਛਾਪ ਕੇ ਬੜੀ ਮਿਹਨਤ ਨਾਲ ਆਪਣੇ ਲੇਖ ਘਰ-ਘਰ ਪਹੁੰਚਾਉਂਦੇ ਹਨ। ਏਨੀ ਨਿਰਮਾਣਤਾ, ਲਗਨ, ਅਤੇ ਸੇਵਾ ਦੀ ਭਾਵਨਾ ਬਹੁਤ ਘੱਟ ਹੀ ਵੇਖਣ ਵਿੱਚ ਆਉਂਦੀ ਹੈ।

ਆਪ ਆਪਣੇ ਲੇਖ ਵੀ ਬੜੀ ਮਿਹਨਤ ਨਾਲ ਲਿਖਦੇ ਹਨ। ਇਹਨਾਂ ਦੀ ਮੌਜੂਦਾ ਰਚਨਾ ਅਲਫ਼ ਤੋਂ ਯੇ ਤੱਕ ਖੋਜ-ਭਰਪੂਰ ਅਤੇ ਅਤਿਅੰਤ ਰੌਚਕ ਹੈ। ਸਿੱਖਾਂ ਅਤੇ ਅੰਗਰੇਜ਼ਾਂ ਦੇ ਯੁੱਧ ਦਾ ਦਿਲ-ਚੀਰਵਾਂ ਹਾਲ ਪੜ੍ਹਨ ਨਾਲ ਮਨ ਵਿੱਚ ਬੜੇ ਤੁਫ਼ਾਨ ਉਠਦੇ ਹਨ ਅਤੇ ਮੁੜ-ਮੁੜ ਕੇ ਕਿਤਾਬ ਨੂੰ ਬੰਦ ਕਰਨ ਲਈ ਮਨ ਕਾਹਲਾ ਪੈਂਦਾ ਹੈ; ਪ੍ਰੰਤੂ, ਏਸ ਦੇ ਬਾਵਜੂਦ ਸਰਦਾਰ ਕਰਨੈਲ ਸਿੰਘ ਦੇ ਏਸ ਲੇਖ ਨੂੰ ਇੱਕ ਤੋਂ ਵੱਧ ਵਾਰੀ ਪੜ੍ਹਨ ਵਿੱਚ ਸਫਲ ਹੋਇਆ ਹਾਂ। ਮੈਨੂੰ ਇਹ ਜਾਣ ਕੇ ਖੁਸ਼ੀ ਹੋਈ ਹੈ ਕਿ ਖ਼ਾਲਸੇ ਦੀ ਖ਼ੂਨ ਡੋਲ੍ਹ ਕੇ ਲਈ ਪਾਤਸ਼ਾਹੀ (Sovereignty) ਨੂੰ ਗੈਰਾਂ ਅਤੇ ਗ਼ਦਾਰਾਂ ਵਲੋਂ ਬੇ-ਕਿਰਕ ਲੁਟਾਏ ਜਾਣ ਦਾ ਹਿਰਦੇ-ਵੇਧਕ ਹਾਲ ਹੁਣ ਕੇਵਲ ਪੰਜਾਬੀ ਜਾਣਨ ਵਾਲੇ ਹੀ ਪੜ੍ਹ ਸਕਣਗੇ।

ਗੁਰਤੇਜ ਸਿੰਘ, ਆਈ.ਏ.ਐਸ.
ਪ੍ਰੋਫੈਸਰ ਆਫ਼ ਸਿੱਖ ਰਿਲੱਜਨ

੭੪੨, ਸੈਕਟਰ ੮
ਚੰਡੀਗੜ੍ਹ ੧੬੦ ੦੦੮
੧੪ ਅਕਤੂਬਰ, ੧੯੮੨

# ਲਟ ਲਟ ਕਰਦੀ ਲਾਟ ਬੁਝ ਗਈ !

ਇਹ ਦਾਸਤਾਨ ਹੈ ਦਰਦਨਾਕ, ਲਹੂ-ਰੱਤੀ, ਸਿੱਖ ਸੂਰਮਗਤੀ ਦੀ, ਸਮੁੱਚੀ ਸਿੱਖ ਸੈਨਾ ਦੀ ਸ਼ੁਜਾਅਤ, ਬਹਾਦਰੀ, ਅਜ਼ਮਤ ਤੇ ਕੁਰਬਾਨੀ ਦੀ ਕਹਾਣੀ ਹੈ; ਸਿੱਖ ਸੈਨਕ ਗੌਰਵ, ਆਨ, ਅਣਖ, ਵਫ਼ਾ, ਬਾਹੂ-ਬਲ, ਸਹਿਨਸ਼ੀਲਤਾ, ਮਰਦਾਨਗੀ ਤੇ ਜਾਂਬਾਜ਼ੀ ਦੀ ਮੂੰਹ ਬੋਲਦੀ ਤਸਵੀਰ ਹੈ - ਜਿਊਂਦੀ ਜਾਗਦੀ ਮਿਸਾਲ ਹੈ।

ਦਰਅਸਲ ਇਹ ਸੁਤੰਤਰ ਸਿੱਖ ਸਵੈਰਾਜ, ਖਾਲਸਾ ਦਰਬਾਰ, ਪੰਥ ਖ਼ਾਲਸਾ, ਸੰਗਠਨ ਤੇ ਅਕਾਲ ਸੈਨਾ ਦੀ ਮੱਘਦੀ ਸ਼ਮ੍ਹਾਂ ਦੀ ਲਟ-ਲਟ ਕਰਦੀ ਅੰਤਮ ਲਾਟ ਹੈ; ਜੋ ਸਮੇਂ ਦੇ ਫੇਰ ਨੇ, ਘਰ ਦੇ ਭੇਤੀਆਂ ਧ੍ਰੋਹੀਆਂ ਤੇ ਕੌਮ ਫ਼ਰੋਸ਼ ਦਰਬਾਰੀਆਂ ਨੇ ਅਤੇ ਅੰਗਰੇਜ਼ਾਂ ਦੀ ਪੰਜਾਬ ਨਿਗਲਣ ਦੀ ਸਾਜਿਸ਼ ਤੇ ਚਾਲ ਨੇ ਇੱਕ ਤੇਜਸੱਵੀ ਸਲਤਨੱਤ ਦੇ ਇਸ ਚਮਕਦੇ ਸੂਰਜ ਨੂੰ ਡੋਬ ਦਿੱਤਾ, ਬਦਬਖ਼ਤੀ ਦੀਆਂ ਕਾਲੀਆਂ ਡੂੰਘੀਆਂ ਸ਼ਾਮਾਂ ਉਸ ਨੂੰ ਨਿਗਲ ਗਈਆਂ।

ਇਸ ਸ਼ੋਕਮਈ ਵਿਥਿਆ ਨੂੰ ਪੜ੍ਹਕੇ ਪੰਥ ਦਾ ਹਰ ਇੱਕ ਦਰਦੀ ਕਲੇਜਾ ਫੜ ਕੇ ਬਹਿ ਜਾਂਦਾ ਹੈ। ਹੁਣ ਤੱਕ ਸਵਾਰਥੀ ਇਤਿਹਾਸਕਾਰਾਂ ਤੇ ਪੱਖਪਾਤੀ ਪੱਛਮੀ ਲੇਖਕਾਂ ਦੀ ਗ਼ਲਤ ਬਿਆਨੀਆਂ ਕਰਕੇ ਸਾਡੇ ਯੁਵਕ ਆਪਣੀਆਂ ਸ਼ਾਨਦਾਰ ਤੇ ਸੁਨਹਿਰੀ ਰਵਾਇਤਾਂ ਤੋਂ ਬੇਖ਼ਬਰ ਸਨ ਜਾਂ ਫਿਰ ਭੁਲੇਖੇ ਵਿੱਚ ਪਾ ਦਿੱਤੇ ਗਏ ਸਨ। ਕਰਤਾ ਦੀ ਇਸ ਖੋਜ ਨੂੰ ਪੜ੍ਹ ਕੇ ਉਹਨਾਂ ਦੀ ਅਣਖ ਪਾਸਾ ਪਰਤੇਗੀ ਅਤੇ ਉਨ੍ਹਾਂ ਅੰਦਰ ਰੋਸ ਜਾਗੇਗਾ। ਸਿੱਖ ਸੈਨਕਾਂ ਤੇ ਵਫ਼ਾਦਾਰ ਸਿਪਾਹੀਆਂ ਦੀ ਜਾਂਬਾਜ਼ੀ ਦੀ ਇਹ ਰੋਚਕ ਕਹਾਣੀ ਸਾਨੂੰ ਅਵੱਸ਼ ਹਲੂਣਾ ਦੇਵੇਗੀ ਤੇ ਸਾਨੂੰ ਉਨ੍ਹਾਂ ਦੀ ਬੇ-ਮਿਸਾਲ ਕੁਰਬਾਨੀ ਅਣਖੀਲਾ ਜੀਵਨ ਜਿਊਣ ਦਾ ਬਲ ਬਖਸ਼ੇਗੀ।

ਸਤਿਗੁਰੂ ਮੇਹਰ ਕਰੇ, ਅਸੀਂ ਉਹਨਾਂ ਦੇ ਕਦਮਾਂ ਪੁਰ ਚਲਣ ਦੇ ਯੋਗ ਤੇ ਸਮਰੱਥ ਹੋ ਸਕੀਏ, ਨਿਰਸੰਦੇਹ ਇਹ ਪੁਸਤਕ ਸਾਨੂੰ ਮਹਾਨ ਮਨੋਰਥ ਦੀ ਪ੍ਰਾਪਤੀ ਵਿੱਚ ਬਹੁਤ ਹੱਦ ਤੱਕ ਸਹਾਈ ਹੋਵੇਗੀ।

ਸਮੁੱਚਾ ਖਾਲਸਾ ਪੰਥ ਲੇਖਕ ਦਾ ਹਮੇਸ਼ਾਂ ਰਿਣੀ ਰਹੇਗਾ, ਜਿਸ ਨੇ ਸੱਚ ਦੀ ਬੇਲਾ ਸੱਚ ਦੀ ਵਿਥਿਆ ਨੂੰ, ਸੱਚ ਦੀ ਓਟ ਲੈ ਕੇ ਬੜੀ ਬੇ-ਬਾਕੀ ਤੇ ਨਿਡਰਤਾ ਨਾਲ ਬਿਆਨ ਕੀਤਾ ਹੈ।

(ਡਾ:) ਜੀਤ ਸਿੰਘ 'ਸੀਤਲ'

ਸੁਖ ਸਹਿਜ ਨਿਵਾਸ
ਅਜੀਤ ਨਗਰ, ਪਟਿਆਲਾ
੩੦ ਸਤੰਬਰ, ੧੯੮੨

# ਧੰਨਵਾਦ

ਇਸ ਪੁਸਤਕਾ ਦੇ ਪ੍ਰਕਾਸ਼ਨ ਦਾ ਮੂਲ ਆਧਾਰ ਸ: ਹਰਬੰਸ ਸਿੰਘ, ਸਾਬਕਾ ਚੀਫ਼ ਜਸਟਿਸ, ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਉਹ ਮਹੱਤਵ ਪੂਰਨ ਵਿਚਾਰ ਹਨ, ਜੋ ਉਨ੍ਹਾਂ ਲੇਖਕ ਦੀ ਪੁਸਤਕ 'ਵਿਨਸਟਨ ਚਰਚਿਲ, ਦੀ ਅਕਾਊਂਟ ਆਫ਼ ਐਂਗਲੋ - ਸਿੱਖ ਵਾਰਜ਼ ਐਂਡ ਇਟਸ ਇਨਸਾਈਡ ਟੇਲ' ਸੰਬੰਧੀ ਪ੍ਰਗਟ ਕੀਤੇ ਸਨ ਕਿ ਇਸ (ਪੁਸਤਕ) ਨੂੰ ਲੱਖਾਂ ਅੰਗਰੇਜ਼ਾਂ ਤੇ ਭਾਰਤੀ ਲੋਕਾਂ ਵਿੱਚ ਵੰਡਣਾ ਜ਼ਰੂਰੀ ਹੈ। ਇਸ ਸੰਕਲਪ ਨੂੰ ਸਰਦਾਰ ਗੁਰਚਰਨ ਸਿੰਘ 'ਟੌਹੜਾ', ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਫੌਰੀ ਨਿਰਣੇ ਨੇ ਸਾਕਾਰ ਕਰ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੇ ਇਸ ਨੂੰ ਅੰਗਰੇਜ਼ੀ ਤੇ ਪੰਜਾਬੀ ਵਿੱਚ ਪ੍ਰਕਾਸ਼ਤ ਕਰਕੇ ਇਸ ਕਾਰਜ ਨੂੰ ਸੰਪੂਰਨ ਕਰ ਦਿਤਾ ਹੈ। ਲੇਖਕ ਇਨ੍ਹਾਂ ਦੋਹਾਂ ਮਹਾਨ ਵਿਅਕਤੀਆਂ ਦਾ ਸਦੀਵੀ ਰਿਣੀ ਰਹੇਗਾ। ਪੰਜਾਬੀ ਸਾਹਿਤ ਤੇ ਸਿੱਖ ਇਤਿਹਾਸ ਦੇ ਵਿਦਵਾਨ ਸ਼ੈਲੀਕਾਰ ਡਾ: ਜੀਤ ਸਿੰਘ ਸੀਤਲ, ਭੂਤਪੂਰਵ ਡਾਇਰੈਕਟਰ, ਪੰਜਾਬੀ ਵਿਭਾਗ, ਪੰਜਾਬ ਨੇ ਇਸ ਨੂੰ ਟਕਸਾਲੀ ਪੰਜਾਬੀ ਵਿੱਚ ਢਾਲਣ ਦੀ ਜ਼ਿੰਮੇਵਾਰੀ ਚੁੱਕੀ। ਇਹ ਕੰਮ ਉਨ੍ਹਾਂ ਇੱਕ ਸ਼ਰਧਾ-ਭਰੀ ਬਿਰਤੀ ਸਹਿਤ, ਸਮੇਂ ਸਿਰ ਸੰਪੂਰਣ ਕਰ ਦਿੱਤਾ। ਸ: ਗੁਰਤੇਜ ਸਿੰਘ, ਆਈ. ਏ. ਐਸ., ਸਿੱਖ ਧਰਮ-ਪ੍ਰੋਫ਼ੈਸਰ ਨੇ ਨਾ ਕੇਵਲ ਅਪਾਰ ਕ੍ਰਿਪਾਲਤਾ ਦੁਆਰਾ ਇਸ ਪੁਸਤਕ ਦਾ ਪਰਾਕਥਨ ਹੀ ਲਿਖਣ ਦੀ ਖੇਚਲ ਕੀਤੀ, ਸਗੋਂ ਅਤਿ ਸੁਚੱਜੀ ਤੇ ਕੀਮਤੀ ਅਗਵਾਈ ਵੀ ਬਖਸ਼ੀ ਅਤੇ ਲੇਖਕ ਨੂੰ ਆਪਣੇ ਨਿਜੀ ਪੁਸਤਕਾਲਿਆ ਵਿਚੋਂ ਦੁਰਲੱਭ ਸਾਮਗ੍ਰੀ ਤੇ ਪੁਸਤਕਾਂ ਵੀ ਪ੍ਰਦਾਨ ਕੀਤੀਆਂ। ਵਾਸਤਵ ਵਿੱਚ ਇਨ੍ਹਾਂ ਪਰਮੁਖ ਸੱਜਣਾਂ ਦੇ ਬਹੁ-ਮੁੱਲੇ ਯੋਗਦਾਨ ਦਾ ਧੰਨਵਾਦ ਕਰਨ ਲਈ ਲੇਖਕ ਪਾਸ ਢੁੱਕਵੇਂ ਸ਼ਬਦ ਨਹੀਂ ਹਨ।

ਲੇਖਕ ਸ: ਭਾਨ ਸਿੰਘ, ਐਮ. ਏ., ਐਲ. ਐਲ. ਬੀ., ਸਕੱਤਰ ਅਤੇ ਸਰਦਾਰ

ਸੁਰਜੀਤ ਸਿੰਘ, ਸਹਾਇਕ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦਾ ਵੀ ਵੱਡਾ ਰਿਣੀ ਹੈ, ਜਿਨ੍ਹਾਂ ਨੇ ਆਪਣੇ ਅਨੇਕਾਂ ਰੁਝੇਵਿਆਂ ਦੇ ਹੁੰਦਿਆਂ ਵੀ ਇਸ ਪੁਸਤਕ ਨੂੰ ਸ਼ੀਘਰ ਪ੍ਰਕਾਸ਼ਤ ਕਰਨ ਵਿੱਚ ਵਿਸ਼ੇਸ਼ ਦਿਲਚਸਪੀ ਵਿਖਾਈ।

ਸ੍ਰੀ ਬ੍ਰਿਜ ਮੋਹਨ ਸ਼ਰਮਾ ਤੇ ਸ: ਗੁਰਸਾਗਰ ਸਿੰਘ, ਐਮ.ਏ. (ਸਿੰਘ ਬ੍ਰਦਰਜ਼, ਅੰਮ੍ਰਿਤਸਰ) ਨੇ ਭਾਰੀ ਮਿਹਨਤ ਤੇ ਘਾਲ ਨਾਲ ਇਸ ਦੇ ਪ੍ਰਕਾਸ਼ਨ ਦੇ ਮੁੱਢਲੇ ਪ੍ਰਬੰਧ ਕੀਤੇ ਅਤੇ ਪਰੂਫ਼ਾਂ ਨੂੰ ਅੰਤਮ ਰੂਪ ਦਿੱਤਾ; ਇਹ ਕੰਮ ਆਪਣੇ ਆਪ ਵਿੱਚ ਅਤਿ ਬਿਖੜਾ ਸੀ। ਲੇਖਕ ਦੇ ਦਫ਼ਤਰ ਦੇ ਸਾਥੀਆਂ, ਸ: ਹਰੀ ਸਿੰਘ ਤੇ ਬਬੀ ਹਰਭਜਨ ਕੌਰ ਨੇ ਬੜੀ ਖੁਸ਼ੀ ਨਾਲ ਖਰੜੇ ਦੇ ਟਾਈਪ-ਕਾਰਜ ਨੂੰ ਸਿਰੇ ਚਾੜ੍ਹਿਆ। ਇਹ ਸਾਰੇ ਸੱਜਣ ਵੀ ਲੇਖਕ ਦੇ ਧੰਨਵਾਦ ਦੇ ਪਾਤਰ ਹਨ। ਇਥੇ ਆਪਣੀ ਸਪੁੱਤਰੀ ਬੀਬੀ ਗੁਰਿੰਦਰ ਕੌਰ ਦਾ ਧੰਨਵਾਦ ਸਹਿਤ ਜ਼ਿਕਰ ਕਰਨਾ ਵੀ ਉਚਿੱਤ ਹੋਵੇਗਾ, ਜਿਸ ਨੇ ਪੁਸਤਕ ਲਈ ਲੋੜੀਂਦੇ ਹਵਾਲੇ ਆਦਿ ਇਕੱਤਰ ਕਰਨ ਤੇ ਖਰੜੇ ਨੂੰ ਹਰ ਤਰ੍ਹਾਂ ਮੁਕੰਮਲ ਕਰਨ ਵਿੱਚ ਕਾਫ਼ੀ ਲਗਨ ਤੇ ਮਿਹਨਤ ਤੋਂ ਕੰਮ ਲਿਆ।

ਲੇਖਕ ਇਨ੍ਹਾਂ ਸਮੂੰਹ ਪੰਥ-ਹਿਤੈਸ਼ੀ ਵਿਅਕਤੀਆਂ ਦਾ ਸੱਚੇ ਦਿਲੋਂ ਧੰਨਵਾਦੀ ਹੈ।

੧੬੨੮-ਸੈਕਟਰ ੩੬-ਡੀ ਕਰਨੈਲ ਸਿੰਘ
ਚੰਡੀਗੜ੍ਹ
੧੫ ਮਈ, ੧੯੮੩

# ਮੁੱਖ-ਬੰਧ

ਇਨ੍ਹਾਂ ਸਤਰਾਂ ਦੇ ਲੇਖਕ ਦਾ ਇਤਿਹਾਸ ਦੇ ਗੂੜ੍ਹ-ਗਿਆਨ ਜਾਂ ਡੂੰਘੇ ਅਧਿਐਨ ਪੁਰ ਕੋਈ ਦਾਅਵਾ ਨਹੀਂ, ਨਾ ਹੀ ਉਹ ਕੋਈ ਖੋਜੀ ਹੈ। ਉਹ ਤਾਂ ਇਤਿਹਾਸ ਦਾ ਇੱਕ ਸਾਧਾਰਨ ਪਾਠਕ ਹੈ। ਵੱਧ ਤੋਂ ਵੱਧ ਹੋਇਆ, ਤਾਂ ਇੱਕ ਅੱਧ ਵਿਕੋਲਿਤ੍ਰਾ ਇਤਿਹਾਸਕ ਲੇਖ ਲਿਖ ਲਿਆ। ਇਸ ਹੱਥਲੀ ਪੁਸਤਕਾ ਵਿੱਚ ਵੀ ਉਸਨੇ ਪ੍ਰਸਿੱਧ ਲੇਖਕਾਂ ਦੀਆਂ ਉਹਨਾਂ ਘਾਲ ਭਰੀਆਂ ਲਿਖਤਾਂ ਨੂੰ ਸਰ ਵਿਨਸਟਨ ਚਰਚਿਲ ਦੇ ਕੱਢੇ ਸਿੱਟਿਆਂ ਜਾਂ ਨਿਰਣਿਆਂ ਦੇ ਪ੍ਰਸੰਗ ਵਿੱਚ ਰੱਖ ਕੇ ਇੱਕ ਥਾਂ ਇਕੱਤ੍ਰ ਹੀ ਕੀਤਾ ਹੈ, ਜਿਹੜੀਆਂ ਮਹਾਰਾਜਾ ਰਣਜੀਤ ਸਿੰਘ ਦੀ ਮ੍ਰਿਤੂ ਉਪਰੰਤ ਅੰਗਰੇਜ਼ਾਂ ਤੇ ਸਿੱਖਾਂ ਦੇ ਪਰਸਪਰ ਸਬੰਧਾਂ ਉੱਪਰ ਚਾਨਣ ਪਾਉਂਦੀਆਂ ਹਨ।

ਸਾਧਾਰਨ ਪਾਠਕ ਨੂੰ ਤਾਂ ਇਹ ਬ੍ਰਿਤਾਂਤ ਮਾਨੋ ਇੱਕ ਅਣਕਥੀ ਕਹਾਣੀ ਦਾ ਤੱਤਸਾਰ ਹੀ ਜਾਪੇਗਾ। ਵਿਦਵਾਨ ਬੁੱਧੀਜੀਵੀਆਂ ਲਈ ਇਹ ਇੱਕ ਮਿਸਾਲ ਸਿੱਧ ਹੋਵੇਗਾ, ਕਿ ਕਿਵੇਂ ਸਰਕਾਰਾਂ ਖ਼ਾਸ-ਖ਼ਾਸ ਸਥਿਤੀਆਂ ਨੂੰ ਆਪਣੇ ਹਿੱਤਾਂ ਲਈ ਅਯੋਗ ਢੰਗ ਨਾਲ ਵਰਤ ਕੇ ਲਾਭ ਉਠਾਉਂਦੀਆਂ ਹਨ ਤੇ ਇਸ ਤਰ੍ਹਾਂ ਆਪਣੇ ਅਭਾਗੇ ਵਿਰੋਧੀਆਂ ਦੀ ਹੀ ਨਹੀਂ, ਸਗੋਂ ਆਪਣੇ ਸ਼ੁਭ-ਚਿੰਤਕਾਂ ਦੀ ਭਾਰੀ ਤਬਾਹੀ ਦਾ ਕਾਰਨ ਬਣਦੀਆਂ ਹਨ, ਪਰ ਫਿਰ ਵੀ ਉਹ ਦਾਅਵਾ ਇਸ ਗੱਲ ਦਾ ਕਰਨਗੀਆਂ ਕਿ ਉਨ੍ਹਾਂ ਨਾਲ ਅਨਿਆਇ ਹੋਇਆ ਹੈ।

ਵਿਅਕਤੀਆਂ ਵਾਂਗ ਕੌਮਾਂ ਨੂੰ ਵੀ ਤਜਰਬੇ ਤੋਂ ਕੁਝ ਸਿੱਖਣ ਦੀ ਆਦਤ ਨਹੀਂ, ਨਾਲੇ ਕਹਾਵਤ ਹੈ ਕਿ ਲੋਕਾਂ ਦੀ ਯਾਦ ਥੋੜ੍ਹ-ਚਿਰੀ ਹੁੰਦੀ ਹੈ। ਫਿਰ ਵੀ ਲੇਖਕ ਇਸ ਗੱਲ ਦੀ ਆਸ ਕਰਦਾ ਹੈ ਕਿ ਇਹ ਅਤਿ-ਦੁੱਖ ਭਰੀ ਵਿਥਿਆ ਦੇਸ਼ ਦੇ ਸ਼ੁਭ-ਚਿੰਤਕਾਂ ਦੀਆਂ ਸੁਤੀਆਂ ਪਈਆਂ ਕੌਮੀ ਭਾਵਨਾਵਾਂ ਨੂੰ ਹਲੂਣ ਕੇ ਜਗਾ ਦੇਵੇਗੀ ਅਤੇ ਉਨ੍ਹਾਂ ਮੌਕਾ-ਪ੍ਰਸਤ ਸਾਜ਼ਸ਼ੀਆਂ ਤੇ ਵਰਤਮਾਨ ਦਗੇ-ਬਾਜ਼ਾਂ ਦੀਆਂ ਕੋਝੀਆਂ ਚਾਲਾਂ ਤੋਂ ਸਾਵਧਾਨ ਰਖੇਗੀ, ਜੋ ਇੱਕ ਵਾਰ ਫੇਰ ਬੜੀ ਬੇਸ਼ਰਮੀ ਤੇ ਬੇਹੱਯਾਈ

ਨਾਲ ਅੰਦਰੋਂ ਅੰਦਰ ਦੇਸ਼ ਦੀ ਸਥਿਰਤਾ ਤੇ ਏਕਤਾ ਨੂੰ ਤਬਾਹ ਕਰਨ ਪਿਛੇ ਹੱਥ ਝਾੜ ਕੇ ਚੜ੍ਹੇ ਹੋਏ ਹਨ। ਇਹ ਵਿਥਿਆ ਅਜਿਹੀ ਸਾਜ਼ਸ਼ ਨੂੰ ਨੰਗਿਆਂ ਕਰੇਗੀ।

ਇਹ ਵਿਥਿਆ ਇਸ ਤੱਥ ਨੂੰ ਵੀ ਸਾਕਾਰ ਕਰੇਗੀ ਕਿ ਕਿਵੇਂ ਉਭਰਦੇ ਖ਼ਾਲਸਾ ਜੀ ਨੇ ਭਾਰਤ ਦੇ ਇੱਕ ਮਹਾਨ ਸਪੂਤ ਮਹਾਰਾਜਾ ਰਣਜੀਤ ਸਿੰਘ (੧੭੮੦-੧੮੩੯) ਦੀ ਛਤਰ ਛਾਇਆ ਹੇਠ ਮੁੱਢ-ਕਦੀਮੀ ਅਫ਼ਗਾਨ ਜਰਵਾਣਿਆਂ ਨੂੰ ਪਛਾੜ ਕੇ, ਲਗਾਤਾਰ ਘਾਲ ਨਾਲ ਮੱਲਾਂ ਮਾਰ ਦੇ ਸਰਹੰਦ ਤੋਂ ਲੈ ਕੇ ਖ਼ੈਬਰ ਤੀਕ ਤਕਰੀਬਨ ੫੦੦ ਮੀਲ ਰਾਸ਼ਟਰੀ-ਹਦ ਨੂੰ ਵਧਾਇਆ ਤੇ ਉਸ ਵਿੱਚ ਇੱਕ ਸ਼ਕਤੀਸ਼ਾਲੀ ਰਾਜ ਸਥਾਪਤ ਕੀਤਾ ਅਤੇ ਕਿਵੇਂ ਇਸ ਵਿਸ਼ਾਲ ਰਾਜ ਦੇ ਸ਼ਾਨਦਾਰ ਮਹਿਲ ਨੂੰ ਇੱਕ ਬਿਦੇਸ਼ੀ ਹਕੂਮਤ ਨੇ ਦੇਸ਼-ਧ੍ਰੋਹੀਆਂ ਤੇ ਦਗ਼ੇਬਾਜ਼ ਭਾੜੇ ਦੇ ਟੱਟੂਆਂ ਦੀ ਮਦਦ ਨਾਲ ਇਕੋ ਦਹਾਕੇ ਵਿੱਚ ਢਹਿ ਢੇਰੀ ਕਰਕੇ ਰੱਖ ਦਿੱਤਾ।

ਮਿਹਰਬਾਨ ਪਾਠਕ ਸੁਭਾਵਕ ਹੀ ਪੁੱਛਣਗੇ, ਕਿ ਇਹ ਕਿਹੋ ਜਿਹਾ ਰਾਜ ਸੀ ਜਿਹੜਾ ਇਤਨੀ ਛੇਤੀ ਪ੍ਰਾਧੀਨ ਹੋ ਗਿਆ। ਇਹ ਉਹ ਰਾਜ ਸੀ, ਜਿਸ ਦਾ ਸਮਰਾਟ ਇਤਨਾ ਨਿਮ੍ਰਤਾ-ਭਰਪੂਰ ਸੀ ਕਿ ਉਹ ਆਪਣੇ ਚਾਲੀ ਸਾਲਾ ਲੰਮੇ ਰਾਜ ਸਮੇਂ ਵਿੱਚ ਵੀ ਇੱਕ ਵਾਰ ਵੀ ਤਖਤ ਤੇ ਬਿਰਾਜਮਾਨ ਨਾ ਹੋਇਆ, ਜਿਸ ਦਾ ਸਿੱਕਾ ਉਸ ਨੇ ਆਪਣੇ ਨਾਂਅ ਨਾਲ ਨਹੀਂ, ਸਗੋਂ ਸਰੱਬਤ ਖ਼ਾਲਸਾ ਜੀ ਦੇ ਨਾਮ ਪੁਰ ਚਲਾਇਆ ਤੇ ਜਿਸ ਰਾਜ ਵਿੱਚ ਉਸ ਨੇ ਸ: ਅਮਰ ਸਿੰਘ ਤੇ ਫ਼ਕੀਰ ਨੂਰੁੱਦੀਨ ਜਿਹੇ ਦੋ ਉੱਚ-ਅਧਿਕਾਰੀ ਇਸ ਮਤਲਬ ਲਈ ਨਿਯੁਕਤ ਕੀਤੇ ਕਿ ਉਹ ਉਸ ਸਮਰਾਟ ਦੇ, ਉਸ ਦੇ ਕੰਵਰਾਂ ਤੇ ਵਜ਼ੀਰਾਂ ਦੀ ਕਿਸੇ ਵੀ ਕੋਝੀ ਕਰਤੂਤ ਨੂੰ ਸੁਧਾਈ ਲਈ ਉਸ ਦੇ ਧਿਆਨ ਗੋਚਰ ਕੀਤਾ ਕਰਨ; ਜਿਥੇ ਰਾਜ ਕੌਰ ਜਿਹੀ ਅਤਿ-ਪਿਆਰੀ ਮਹਾਰਾਣੀ ਨੂੰ ਵੀ ਆਪਣੀ ਜਾਗੀਰ ਦੀ ਬਦ-ਨਜ਼ਮੀ ਕਾਰਣ ਇਸ ਗੱਲ ਦੀ ਜਵਾਬ ਦੇਹੀ ਦਰਬਾਰ ਵਿੱਚ ਹਾਜ਼ਰ ਹੋਣਾ ਪਿਆ ਕਿ ਉਸ ਦਾ ਮਾਮਲਾ ਸਰਕਾਰੀ ਖ਼ਜ਼ਾਨੇ ਵਿੱਚ ਕਿਉਂ ਨਹੀਂ ਆ ਰਿਹਾ ? ਜਿਥੇ ਟਿੱਕਾ ਸਾਹਿਬ ਦੇ ਕਿਲ੍ਹੇ ਦਾ ਘੇਰਾ ਇਸ ਲਈ ਘੱਤਿਆ ਗਿਆ ਕਿ ਉਸ ਦੀ ਮਾਤਾ ਦੀ ਮ੍ਰਿਤੂ ਪੁਰ ਰਾਜ ਨੂੰ ਬਣਦਾ ਪੰਜ ਲੱਖ ਦਾ ਵਿਰਾਸਤੀ ਕਰ ਉਗਰਾਹਿਆ ਜਾ ਸਕੇ, ਅਤੇ ਜਿਥੇ ਹਰੀ ਸਿੰਘ ਨਲਵਾ ਜਿਹੇ ਮਹਾਨ ਜਰਨੈਲ ਨੂੰ ਲੋੜੀਂਦੀ ਫੌਜ ਨਾ ਰੱਖਣ ਪੁਰ ਦੋ ਲੱਖ ਰੁਪਏ ਦਾ ਜੁਰਮਾਨਾ ਕੀਤਾ ਗਿਆ।

ਇਹ ਉਹ ਅਦੁੱਤੀ ਰਾਜ ਸੀ, ਜਿਸ ਅੰਦਰ ਲੋਕਾਂ ਨੇ ਪੰਜਾਹ ਸਾਲਾਂ ਵਿੱਚ ਕਿਸੇ ਨੂੰ ਫ਼ਾਂਸੀ ਲੱਗਦਿਆਂ ਨਾ ਵੇਖਿਆ, ਜਿਥੇ ਇੱਕ ਸ਼ਿਕਾਰੀ ਆਪਣੀ ਬੰਦੂਕ

ਨਾਲ ਸ਼ੇਰ ਨੂੰ ਮਾਰ ਨਹੀਂ ਸਕਦਾ ਸੀ, ਸਗੋਂ ਉਸ ਨਾਲ ਕੇਵਲ ਆਪਣੇ ਭਾਲੇ ਨਾਲ ਲੜ ਸਕਦਾ ਸੀ; ਜਿਥੇ ਘੋੜ ਸਵਾਰਾਂ ਨੂੰ ਇਸ ਗੱਲ ਦਾ ਸਖ਼ਤ ਹੁਕਮ ਸੀ ਕਿ ਉਹ ਆਪਣੇ ਸ਼ਿਕਾਰੀ ਕੁੱਤਿਆਂ ਨੂੰ ਕਿਸੇ ਸਹੇ (ਖਰਗੋਸ਼) ਦੇ ਪਿੱਛੇ ਨਾ ਪਵਾ ਸਕਦੇ ਸਨ ਤੇ ਨਾ ਹੀ ਮਾਰ ਸਕਦੇ ਸਨ; ਅਤੇ ਜਿਥੇ ਸਹੀ ਬਾਵਰਚੀਖ਼ਾਨੇ ਲਈ ਝਟਕਾਉਂਦੇ ਕਿਸੇ ਮੁਰਗੇ ਦੀ ਚਿਚਲਾਹਟ ਜਾਂ ਬਕਰੇ ਦੀ 'ਮੈਂ ਮੈਂ' ਸੁਣ ਕੇ ਮਹਾਰਾਜਾ ਝਟ ਦਖਲ ਦੇ ਕੇ ਉਸ ਨੂੰ ਛੱਡਣ ਦੇ ਹੁਕਮ ਦੇ ਦਿੰਦਾ ਸੀ।

ਇਸ ਸੱਚੇ ਕੌਮੀ ਤੇ ਧਰਮ-ਨਿਰਪੇਖ ਰਾਜ ਨੇ ਨਿਤਾਣੇ ਤੇ ਨਿਮਾਣੇ ਲੋਕਾਂ (ਜਿਨ੍ਹਾਂ ਨੂੰ ਹੁਣ ਤੱਕ ਬੇਇੱਜ਼ਤ ਕੀਤਾ ਜਾਂਦਾ ਸੀ) ਨੂੰ ਇੱਜ਼ਤ, ਆਬਰੂ, ਸ਼ਾਂਤੀ ਤੇ ਖੁਸ਼ਹਾਲੀ ਬਖ਼ਸ਼ੀ। ਇਸ ਰਾਜ ਪਾਸ ਉਸ ਸਮੇਂ ਦੀ ਸਰਬ ਸ਼੍ਰੇਸ਼ਟ ਫ਼ੌਜ ਮੌਜੂਦ ਸੀ, ਜਿਸ ਨੇ ਯੂਰਪੀਨ ਜਰਨੈਲਾਂ ਅਧੀਨ ਅਮਲੀ ਸਿਖਲਾਈ ਪ੍ਰਾਪਤ ਕੀਤੀ ਸੀ ਅਤੇ ਜੋ 'ਵਿਸ਼ਵ-ਪ੍ਰਸਿੱਧ ਤੋਪਖ਼ਾਨੇ ਨਾਲ ਪੂਰੀ ਤਰ੍ਹਾਂ ਲੈਸ ਸੀ। ਕਪਤਾਨ ਮਰੇ ਆਪਣੀ ਰਚਨਾ "ਹਿਸਟਰੀ ਆਫ਼ ਦਾ ਪੰਜਾਬ - ੧੮੪੬" ਵਿੱਚ ਲਿਖਦਾ ਹੈ :

> "ਰਣਜੀਤ ਸਿੰਘ ਨੂੰ ਮੁਹੰਮਦ ਅਲੀ ਤੇ ਨੈਪੋਲੀਅਨ ਦੇ ਸਮਾਨ ਸਮਝਿਆ ਗਿਆ ਹੈ... ਕੁਝ ਇੱਕ ਵਿਸ਼ੇਸ਼ ਤੱਥਾਂ ਕਾਰਨ ਉਹ ਇਨ੍ਹਾਂ ਦੋਹਾਂ ਨਾਲ ਭਾਵੇਂ ਮਿਲਦਾ ਜੁਲਦਾ ਹੈ; ਪਰ ਜੇਕਰ ਸਮੇਂ ਦੀਆਂ ਪਰਸਥਿਤੀਆਂ ਤੇ ਹਾਲਤਾਂ ਦੇ ਪਰਸੰਗ ਵਿੱਚ ਉਸ ਦੇ ਚਰਿੱਤਰ ਨੂੰ ਨਿਸ਼ਚਿਤ ਕੀਤਾ ਜਾਵੇ ਤਾਂ ਉਹ ਨਿਰਸੰਦੇਹ ਇਨ੍ਹਾਂ ਦੋਹਾਂ ਨਾਲੋਂ ਵਧੇਰੇ ਵਿਲਖੱਣ ਤੇ ਮਹਾਨ ਹੈ।"

ਜੇਕਰ ਅਜਿਹਾ ਮਹਾਨ ਰਾਜ ਇੱਕ ਦਹਾਕੇ ਤੋਂ ਵੀ ਘੱਟ ਸਮੇਂ ਵਿੱਚ ਇਕਲੌਤੀ ਬਿਦੇਸ਼ੀ ਹਕੂਮਤ ਹੱਥੋਂ ਢਹਿ-ਢੇਰਿ ਹੋ ਸਕਦਾ ਸੀ, ਤਾਂ ਇਹ ਸੋਚ ਕੇ ਹਰ ਕੋਈ ਕੰਬ ਉਠਦਾ ਹੈ ਕਿ ਅਜੋਕੇ ਉਖੜੇ-ਪੁਖੜੇ ਦੇਸ਼ ਦਾ ਭਵਿੱਖ ਕੀ ਹੋਵੇਗਾ, ਜਿਥੇ ਇਸ ਦੀਆਂ ਬਾਹਰੀ ਸੀਮਾਵਾਂ ਦੀ ਗੱਲ ਕਰਦਿਆਂ ਇਸ ਦੀ ਉਤਰੀ ਕੁਦਰਤੀ ਢਾਲ ਅਰਥਾਤ ਹਿਮਾਲੀਆ ਪਹਾੜ ਅਪਹੁੰਚ ਜਾਂ ਅਜਿੱਤ ਨਹੀਂ ਰਹੇ, ਜਿਥੇ ਅਸਾਂ ਆਪ ਹੀ ਇੱਕ ਵੈਰੀ-ਗਵਾਂਢੀ-ਸ਼ਕਤੀ-ਸਾਲੀ ਰਾਜ ਦੀ ਝੋਲੀ ਵਿੱਚ ੧੩,੦੦੦ ਫੁੱਟ ਉੱਚੀ ਦੁਨੀਆ ਦੀ ਛੱਤ ਤਿੱਬਤ ਦਾ ੨,੬੦੦ ਮੀਲ ਦਾ ਖੇਤਰ ਪਾ ਦਿੱਤਾ ਹੋਵੇ ਅਤੇ ਇਸ ਕਾਰਵਾਈ ਵਿੱਚ ਵਿਦਾ ਹੋ ਰਹੇ ਬਰਤਾਨਵੀ ਫ਼ੌਜੀ ਅਧਿਕਾਰੀਆਂ ਦੀ ਸਲਾਹ ਦੀ ਵੀ ਉੱਕਾ ਪ੍ਰਵਾਹ ਨਾ ਕੀਤੀ ਹੋਵੇ; ਜਿਥੇ ਅਸਾਂ ਕਸ਼ਮੀਰ ਨੂੰ ਇੱਕ ਅਤਿ ਨਾਜ਼ਕ ਸੀਮਾ ਖੇਤਰ ਬਣਾ ਦਿੱਤਾ ਹੋਵੇ, ਜੋ ਅੰਤਰ-ਰਾਸ਼ਟਰੀ ਦ੍ਰਿਸ਼ਟੀਕੋਣ ਤੋਂ

ਬਿਖਾਧ ਤੇ ਵਿਵਾਦ ਦਾ ਇਲਾਕਾ ਹੋ ਗਿਆ ਹੋਵੇ, ਤੇ ਜਿਥੇ ਸਾਡੇ ਪੂਰਬੀ ਤੇ ਪਛਮੀ ਸਰਹੱਦੀ ਇਲਾਕੇ ਕਾਫ਼ੀ ਸੁੰਗੜ ਗਏ ਹੋਣ ਅਤੇ ਸਾਡੇ ਵਿਰੋਧੀ ਨਿਕਟ-ਗੁਵਾਂਢੀ ਬੜੀ ਤੇਜ਼ੀ ਨਾਲ ਪ੍ਰਮਾਣਵੀ ਰੂਪ ਧਾਰ ਕੇ ਨਵੀਨਤਮ ਸੂਖਮ ਹਥਿਆਰਾਂ ਨਾਲ ਲੈਸ ਹੋ ਰਹੇ ਹੋਣ, ਅਤੇ ਜਦ ਸੰਸਾਰ ਦੀਆਂ ਤਿੰਨ ਵੱਡੀਆਂ ਸ਼ਕਤੀਸ਼ਾਲੀ ਹਕੂਮਤਾਂ ਸਾਡੀਆਂ ਸਰਹੱਦਾਂ ਪੁਰ ਤੇ ਸਾਡੇ ਆਲੇ ਦੁਆਲੇ ਸਾਜ਼ਸ਼ਾਂ ਤੇ ਖੜਯੰਤਰਾਂ ਦੇ ਜਾਲ ਤਣ ਰਹੀਆਂ ਹੋਣ ਅਤੇ ਤਬਾਹੀ ਦੇ ਵੱਡੇ-ਵੱਡੇ ਅਸਲ੍ਹਾ-ਖਾਨੇ ਤਿਆਰ ਕਰ ਰਹੀਆਂ ਹੋਣ, ਅਤੇ ਜਿਥੇ ਦੇਸ਼ ਅੰਦਰੀ ਹਾਲਤ ਪੁਰ ਇਹ ਅਖੌਤ ਢੁਕਦੀ ਹੋਵੇ 'ਰੋਮ ਤਾਂ ਜਲ ਰਿਹਾ ਹੋਵੇ, ਅਤੇ ਨੀਰੋ ਬੜੀ ਹੋਛੀ ਤੇਜ਼ੀ ਨਾਲ ਸੰਸਥਾਵਾਂ ਨੂੰ ਢਹਿ-ਢੇਰੀ ਕਰ ਕੇ ਖ਼ਾਨਦਾਨੀ ਰਾਜ ਸਥਾਪਤ ਕਰਨ ਵਿੱਚ ਰੁਝਾ ਹੋਵੇ', ਇਹ ਇੱਕ ਅਜਿਹਾ ਸੁਪਨ-ਚਿੱਤ੍ਰ ਹੈ, ਜਿਸ ਦਾ ਸੰਕਲਪ ਫ਼ਰਾਂਸ ਦੇ ਰਾਜ-ਵੰਸ਼ੀ ਬੋਰਬਨ ਤੇ ਜਾਬਰ ਮੁਗ਼ਲ ਵੀ ਨਹੀਂ ਕਰ ਸਕਦੇ ਸਨ।

ਜੇਕਰ ਇਹ ਬ੍ਰਿਤਾਂਤ ਦੇਸ਼-ਵਾਸੀਆਂ ਦੇ ਧਿਆਨ-ਗੋਚਰ ਉਪਰੋਕਤ ਸਥਿਤੀ ਦੇ ਇਸ ਪੱਖ ਨੂੰ ਕਰਾ ਸਕਿਆ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਇਸ ਦੇ ਪ੍ਰਕਾਸ਼ਨ ਨਾਲ, ਵਰਤਮਾਨ ਨਾਜ਼ਕ ਸਮੇਂ, ਦੇਸ਼ ਦੀ ਇੱਕ ਅਦੁੱਤੀ ਤੇ ਮਹੱਤਵਪੂਰਨ ਕੌਮੀ ਸੇਵਾ ਕਰ ਰਹੀ ਹੋਵੇਗੀ।

ਕਰਨੈਲ ਸਿੰਘ

੧੬੨੮-ਸੈਕਟਰ ੩੬-ਡੀ
ਚੰਡੀਗੜ੍ਹ
੧੫ ਮਈ, ੧੯੮੩

□ ▯▯▯

# ਭੂਮਿਕਾ (ਦੂਜੀ ਐਡੀਸ਼ਨ)

'ਅੰਗਰੇਜ਼ਾਂ ਤੇ ਸਿੱਖਾਂ ਦੀਆਂ ਲੜਾਈਆਂ ਦੀ ਅਸਲ ਵਿਥਿਆ' ਸਿੱਖ ਇਤਿਹਾਸ ਦਾ ਇੱਕ ਦਰਦਨਾਕ ਕਾਂਡ ਹੈ, ਜਿਸ ਦਾ ਜਾਨਣਾ ਹਰ ਸਿੱਖ ਲਈ ਜਰੂਰੀ ਹੈ। ਕਈ ਦਹਾਕਿਆਂ ਦੀ ਲਾਸਾਨੀ ਜੱਦੋ-ਜਿਹਦ, ਬੇਮਿਸਾਲ ਕੁਰਬਾਨੀਆਂ ਅਤੇ ਅਣਥਕ ਘਾਲਣਾ ਦਾ ਸਕਦਾ ਉਤਰੀ ਭਾਰਤ ਵਿੱਚ ਸਿੱਖ ਰਾਜ ਕਾਇਮ ਹੋਇਆ ਅਤੇ ਸਦੀਆਂ ਬਾਅਦ ਪੰਜਾਬੀਆਂ ਨੇ ਅਮਨ ਤੇ ਆਜ਼ਾਦੀ ਦਾ ਸੁਖ ਮਾਣਿਆ। ਪਰ ਅਫਸੋਸ, ਕਿ ਅਧੀ ਸਦੀ ਦੇ ਅੰਦਰ ਹੀ ਇਹ ਆਜ਼ਾਦੀ ਖੁਸ ਗਈ, ਅਤੇ ਪੰਜਾਬ ਵਿੱਚ ਮੁੜ ਗੁਲਾਮੀ ਦਾ ਦੌਰ ਆਰੰਭ ਹੋ ਗਿਆ। ਇਸ ਪੁਸਤਕ ਵਿੱਚ ਦਸਿਆ ਗਿਆ ਹੈ, ਕਿ ਕਿਸ ਤਰ੍ਹਾਂ ਸਿੰਘਾਂ ਸੂਰਮਿਆਂ ਅਤੇ ਸ: ਸ਼ਾਮ ਸਿੰਘ ਅਟਾਰੀ ਵਰਗਿਆਂ ਜਰਨੈਲਾਂ ਨੇ ਸਿੱਖ ਰਾਜ ਦੀ ਰਖਿਆ ਲਈ ਤੇਗਾਂ ਵਾਹੀਆਂ, ਅਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਪ੍ਰੰਤੂ ਡੋਗਰਿਆਂ ਅਤੇ ਹੋਰ ਆਗੂਆਂ ਦੀ ਗੱਦਾਰੀ ਅਤੇ ਵੈਰੀਆਂ ਦੀਆਂ ਕੁਟਲ ਚਾਲਾਂ ਕਾਰਨ ਸਿੱਖ ਫੌਜਾਂ ਜਿਤ ਕੇ ਅੰਤ ਨੂੰ ਹਾਰ ਗਈਆਂ।

ਇਹ ਵਿਥਿਆ ਜਨਤਾ ਨਾਲ ਸਾਂਝੀ ਕਰਨ ਲਈ ਇਹ ਪੁਸਤਕ ਪਹਿਲੀ ਵਾਰ ੧੯੮੩ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਛਪਵਾਈ ਗਈ। ਪਰ ਇਸ ਤੋਂ ਪਹਿਲਾਂ ਕਿ ਇਹ ਪਾਠਕਾਂ ਤਕ ਪਹੁੰਚ ਸਕਦੀ, ਸਾਕਾ ਨੀਲਾ ਤਾਰਾ ਦੀ ਦੁਰਘਟਨਾ ਵਾਪਰ ਗਈ, ਅਤੇ ਫੌਜੀ ਹਮਲੇ ਦੌਰਾਨ, ਇਸ ਦੀਆਂ ਦਸ ਹਜਾਰ ਕਾਪੀਆਂ, ਹੋਰ ਬੇਅੰਤ ਵਡਮੁਲੇ ਸਾਹਿਤ ਨਾਲ ਸਾੜ ਕੇ ਸੁਆਹ ਕਰ ਦਿੱਤੀਆਂ ਗਈਆਂ।

ਸੰਗਤਾਂ ਦੀ ਮੰਗ ਅਤੇ ਇਤਿਹਾਸ ਦੇ ਇਸ ਕਾਂਡ ਦੀ ਅਹਿਮੀਅਤ ਨੂੰ ਮੁੱਖ ਰੱਖਦਿਆਂ, ਇਸ ਦੀ ਦੂਸਰੀ ਐਡੀਸ਼ਨ ਛਾਪੀ ਜਾ ਰਹੀ ਹੈ। ਆਸ ਹੈ ਸੰਗਤਾਂ

ਇਸਦਾ ਸੁਆਗਤ ਕਰਨਗੀਆਂ।

ਮੈਂ ਇਸ ਪੁਸਤਕ ਦੇ ਕਰਤਾ ਸ: ਕਰਨੈਲ ਸਿੰਘ ਦੀ, ਜਿਸਨੇ ਛਾਪਣ ਦੇ ਅਧਿਕਾਰ ਸ਼੍ਰੋਮਣੀ ਕਮੇਟੀ ਨੂੰ ਦਿੱਤੇ ਹਨ, ਹਾਰਦਿਕ ਪ੍ਰੰਸਸਾ ਕਰਦਾ ਹਾਂ। ਡਾ: ਖੜਕ ਸਿੰਘ ਨੇ ਖਰੜੇ ਦੀ ਸੁਧਾਈ ਅਤੇ ਛਪਾਈ ਦਾ ਉਪਰਾਲਾ ਕੀਤਾ ਹੈ। ਉਹ ਵੀ ਧੰਨਵਾਦ ਦੇ ਹਕਦਾਰ ਹਨ।

ਦਾਸ

ਜੁਲਾਈ ੧੫, ੨੦੦੧

ਜਗਦੇਵ ਸਿੰਘ ਤਲਵੰਡੀ
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ

# ਅੰਗਰੇਜ਼ਾਂ ਤੇ ਸਿੱਖਾਂ ਦੀਆਂ ਲੜਾਈਆਂ ਦੀ ਅਸਲ ਵਿਥਿਆ

ਮਹਾਨ ਨੀਤੀਵਾਨ ਇਤਿਹਾਸਕਾਰ ਸਰ ਵਿਨਸਟਨ ਚਰਚਿਲ ਨੇ ਆਪਣੀ ਪੁਸਤਕ "ਹਿਸਟਰੀ ਆਫ਼ ਦੀ ਇੰਗਲਿਸ਼ ਸਪੀਕਿੰਗ ਪੀਪਲਜ਼" ਵਿੱਚ ਅੰਗਰੇਜ਼ਾਂ ਤੇ ਸਿੱਖਾਂ ਦੀਆਂ ਲੜਾਈਆਂ ਅਤੇ ੧੮੫੭ ਦੇ ਗ਼ਦਰ ਦੇ ਕਾਰਨਾਂ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਲਿਖਿਆ ਹੈ - "ਅੰਗਰੇਜ਼ਾਂ ਨੂੰ (ਅਫ਼ਗਾਨਿਸਤਾਨ ਅਤੇ ਪੰਜਾਬ ਵਿੱਚ) ਲਗਾਤਾਰ ਹੋਈਆਂ ਹਾਰਾਂ ਹੀ ਗ਼ਦਰ ਦਾ ਕਾਰਨ ਸਿੱਧ ਹੋਈਆਂ। ਇਸ ਲਈ ਉਹਨਾਂ ਨੂੰ ਰੂਸ ਵਲੋਂ ਭਾਰਤ ਉਤੇ ਹਮਲੇ ਦਾ ਡਰ ਵੀ ਭਾਸਣ ਲੱਗ ਪਿਆ ਸੀ। ਕੁਝ ਰੂਸੀ ਅਫ਼ਗਾਨਿਸਤਾਨ ਦੀਆਂ ਹੱਦਾਂ ਵਿੱਚ ਆ ਘੁਸੇ ਸਨ, ਜਿਸ ਕਰਕੇ ਇਸ ਖ਼ਤਰੇ ਨੇ ਅਸਲੀਅਤ ਦਾ ਰੂਪ ਧਾਰਨ ਕਰ ਲਿਆ ਜਾਪਦਾ ਸੀ। ਸੰਨ ੧੮੩੯ ਈ: ਵਿੱਚ ਇੱਕ ਅੰਗਰੇਜ਼ੀ ਮੁਹਿੰਮ ਕਾਬਲ ਭੇਜੀ ਗਈ, ਅਫ਼ਗਾਨਿਸਤਾਨ ਦੇ ਤਖ਼ਤ ਤੇ ਅੰਗਰੇਜ਼ਾਂ ਨੇ ਆਪਣੇ ਉਮੀਦਵਾਰ ਸਮਰੱਕ ਨੂੰ ਬਿਠਾ ਦਿੱਤਾ, ਪਰ ਮੁਲਕ ਵਿੱਚ ਫਿਰ ਵੀ ਹਰ ਪਾਸੇ ਬਗਾਵਤ ਜੰਗਲ ਦੀ ਅੱਗ ਵਾਂਗ ਫੈਲ ਗਈ। ਦਸੰਬਰ, ੧੮੪੧ ਈ: ਵਿੱਚ ਚਾਰ ਹਜ਼ਾਰ ਅੰਗਰੇਜ਼ੀ ਫੌਜ ਨੇ, ਜਿਸ ਵਿੱਚ ਤਕਰੀਬਨ ਤਿਗਣੇ, ਲਗਪਗ ੧੨ ਹਜ਼ਾਰ ਇਸਤਰੀਆਂ, ਬੱਚੇ ਤੇ ਅਫ਼ਗਾਨ ਨੌਕਰ-ਚਾਕਰ ਸਨ, ਬਰਫ਼ੀਲੇ ਤੇ ਪਹਾੜੀ ਦਰਿਆ ਰਾਹੀਂ ਪਿੱਛੇ ਹੱਟਣਾ ਸ਼ੁਰੂ ਕੀਤਾ। ਇਹ ਲਗਪਗ ਸਾਰੇ ਕਤਲ ਕਰ ਦਿੱਤੇ ਗਏ ਜਾਂ ਕੈਦੀ ਬਣਾ ਲਏ ਗਏ। ਅਗਲੇ ਸਾਲ ਫਿਰ ਇੱਕ ਹੋਰ ਮੁਹਿੰਮ ਭੇਜੀ ਗਈ, ਜਿਸ ਨੇ ਇਸ ਦਾ ਬਦਲਾ ਲਿਆ। ਪਰੰਤੂ, ਯੂਰਪੀਨ ਫ਼ੌਜਾਂ ਦੀ ਇੱਜ਼ਤ ਤੇ ਸ਼ੁਹਰਤ ਨੂੰ ਬੜੀ ਕਰਾਰੀ ਚੋਟ ਲੱਗੀ ਜਿਸ ਨਾਲ ਸਾਰੇ ਉਪਦੀਪ ਵਿੱਚ ਇਸ ਕਤਲਾਮ ਦੀ ਦੁਹਾਈ ਮੱਚ ਗਈ।"[੧]

ਸਰ ਵਿਨਸਟਨ ਅੱਗੇ ਚਲ ਕੇ ਲਿਖਦਾ ਹੈ - "ਪੰਜਾਬ ਉਸ ਸਮੇਂ ਭਾਰਤ ਦੇ ਉੱਤਰ ਵਿੱਚ ਸਰਹੱਦੀ ਸੂਬਾ ਸੀ, ਜਿਥੇ ਇਸ ਘਟਨਾ ਪਿਛੋਂ ਅੰਗਰੇਜ਼ਾਂ ਨੂੰ ਇੱਕ ਹੋਰ

ਹਾਰ ਹੋਈ। ਇਥੇ ਜੰਗਜੂ ਸਿੱਖਾਂ ਦਾ ਬਹੁਤ ਦੇਰ ਤੋਂ ਰਾਜ ਸੀ। ਅਫ਼ਗਾਨਿਸਤਾਨ ਦੇ ਵਿਗੜਦੇ ਹਾਲਾਤ ਦੀ ਸ਼ਹਿ ਕਰਕੇ ਅਤੇ ਆਪਣੇ ਮਹਾਨ ਨੇਤਾ ਮਹਾਰਾਜ ਰਣਜੀਤ ਸਿੰਘ ਦੀ ਮੌਤ ਮਗਰੋਂ, ਉਹਨਾਂ ਨੇ ਕੰਪਨੀ ਦੇ ਇਲਾਕੇ ਨੂੰ ਦਬਾਉਣ ਦਾ ਫੈਸਲਾ ਕਰ ਲਿਆ ਸੀ। ਇਹ ਰਣਜੀਤ ਸਿੰਘ ਹੀ ਸੀ, ਜਿਸ ਨੇ ਉਨ੍ਹਾਂ ਨੂੰ ਹੁਣ ਤੱਕ ਕਾਬੂ ਵਿੱਚ ਰੱਖਿਆ ਸੀ। ਉਸ ਪਿਛੋਂ ਸੰਨ ੧੮੪੫ ਵਿੱਚ ਉਨ੍ਹਾਂ ਨੇ ਸਤਲੁਜ ਦੀ ਹੱਦ ਪਾਰ ਕਰ ਲਈ। ਦਿੱਲੀ ਤੋਂ ੨੦੦ ਮੀਲ ਉੱਤਰ ਵਿੱਚ ਉਹਨਾਂ ਨਾਲ ਟਾਕਰਾ ਹੋਇਆ ਤੇ ਉਨ੍ਹਾਂ ਨੂੰ ਪਿਛੇ ਹਟਾ ਦਿੱਤਾ ਗਿਆ। ਅੰਗਰੇਜ਼ਾਂ ਨੇ ਪੰਜਾਬ ਵਿੱਚ ਰੀਜੈਂਸੀ ਸਥਾਪਤ ਕਰ ਦਿੱਤੀ। ਤਿੰਨ ਸਾਲ ਮਗਰੋਂ ਸਿੱਖਾਂ ਨੇ ਰੀਜੈਂਸੀ ਨੂੰ ਖ਼ਤਮ ਕਰਨ ਦਾ ਯਤਨ ਕੀਤਾ। ਸੂਬੇ ਦੇ ਧੁਰ ਅੰਦਰ ਜਾ ਕੇ ਉਨ੍ਹਾਂ ਨਾਲ ਚਿਲਿਆਂ ਵਾਲਾ ਦੇ ਸਥਾਨ ਤੇ ਅਸਫਲ ਘਮਸਾਨ ਦੀ ਲੜਾਈ ਹੋਈ। ਇਸ ਲੜਾਈ ਵਿੱਚ ਤਿੰਨ ਅੰਗਰੇਜ਼ੀ ਰੈਜਮੈਂਟਾਂ ਆਪਣੇ ਝੰਡੇ ਗਵਾ ਬੈਠੀਆਂ। ਪਰ ਛੇਤੀ ਮਗਰੋਂ ਅੰਗਰੇਜ਼ਾਂ ਨੇ ਲੜਾਈ ਵਿੱਚ ਆਪਣੀ ਪ੍ਰਸਿੱਧੀ ਮੁੜ ਸਥਾਪਤ ਕਰ ਲਈ ਅਤੇ ਸਿੱਖ ਫ਼ੌਜ ਨੂੰ ਤਬਾਹ ਕਰ ਦਿੱਤਾ।"[੨]

ਉਪਰੋਕਤ ਕਥਨ ਤੋਂ ਹੇਠ ਲਿਖੇ ਨੁਕਤੇ ਉਘੜਦੇ ਹਨ, ਜਿਨ੍ਹਾਂ ਦਾ ਵਿਸ਼ਲੇਸ਼ਣ ਅੰਗਰੇਜ਼ ਇਤਿਹਾਸਕਾਰਾਂ ਦੇ ਉਨ੍ਹਾਂ ਨਿਰਣਿਆਂ ਅਤੇ ਸਰ ਵਿਨਸਟਨ ਦੀਆਂ ਮੁਲਕੀ ਦਸਤਾਵੇਜ਼ਾਂ ਦੀ ਰੌਸ਼ਨੀ ਵਿੱਚ ਕਰਨਾ ਚਾਹੀਦਾ ਹੈ, ਜਿਨ੍ਹਾਂ ਦਾ ਇੰਗਲੈਂਡ ਅਤੇ ਭਾਰਤ ਦੋਹਾਂ ਵਿੱਚ ਈਸਟ ਇੰਡੀਆ ਕੰਪਨੀ ਦੇ ਮਾਮਲਿਆਂ ਵਿੱਚ ਅਧਿਕਾਰ ਜਾਂ ਸਿੱਧਾ ਹੱਥ ਸੀ :

੧) ਅਫ਼ਗਾਨਿਸਤਾਨ ਵਿੱਚ ਅੰਗਰੇਜ਼ਾਂ ਦੇ ਕਤਲਾਮ ਤੋਂ ਸ਼ਹਿ ਪਾ ਕੇ ਸਿੱਖਾਂ ਨੇ ਰਣਜੀਤ ਸਿੰਘ ਦੀ ਮੌਤ ਮਗਰੋਂ, ਭਾਰਤ ਵਿੱਚ ਅੰਗਰੇਜ਼ੀ ਇਲਾਕੇ ਨੂੰ ਹਥਿਆਉਣ ਦਾ ਫੈਸਲਾ ਕੀਤਾ।

੨) ੧੮੪੫ ਵਿੱਚ ਸਿੱਖਾਂ ਨੇ ਸਤਲੁਜ ਦੀ ਹੱਦ ਪਾਰ ਕੀਤੀ। ਉਨ੍ਹਾਂ ਨਾਲ ਟਾਕਰਾ ਹੋਇਆ ਅਤੇ ਉਨ੍ਹਾਂ ਨੂੰ ਪਿਛਾਂਹ ਧੱਕ ਦਿੱਤਾ ਗਿਆ।

੩) ਅੰਗਰੇਜ਼ਾਂ ਨੇ ਲਾਹੌਰ ਵਿੱਚ ਰੀਜੈਂਸੀ ਸਥਾਪਤ ਕੀਤੀ, ਜਿਸ ਨੂੰ ਤਿੰਨ ਸਾਲ ਪਿਛੋਂ ਸਿੱਖਾਂ ਨੇ ਖ਼ਤਮ ਕਰਨ ਦਾ ਯਤਨ ਕੀਤਾ।

੪) ਚਿੱਲਿਆਂ ਵਾਲਾ ਦੀ ਹਾਰ ਪਿਛੋਂ ਅੰਗਰੇਜ਼ਾਂ ਨੇ ਆਪਣੀ ਹਾਰ ਦਾ ਧੱਬਾ ਧੋ ਲਿਆ ਅਤੇ ਸਿੱਖ ਫੌਜ ਨੂੰ ਤਬਾਹ ਕਰ ਦਿੱਤਾ।

# ੧

ਅਫ਼ਗਾਨਿਸਤਾਨ ਵਿੱਚ ੧੮੪੧ ਦੇ ਬਰਤਾਨਵੀ ਸੈਨਾ ਦੇ ਹੋਏ ਕਤਲਾਮ ਦੀ ਦਰਦਨਾਕ ਦੁਰਘਟਨਾ ਤੇ ਇਸ ਦੀ ਪ੍ਰਿਸ਼ਠ ਭੂਮੀ ਦਾ ਥੋੜ੍ਹਾ ਬਹੁਤ ਵਿਸਥਾਰ ਦੇਣਾ ਵਿਸ਼ੇਸ਼ ਦਿਲਚਸਪੀ ਉਤਪੰਨ ਕਰਨ ਵਾਲਾ ਹੋਵੇਗਾ। ਇਹ ਕਤਲਾਮ ੧੮੪੩ ਵਿੱਚ ਕਾਬਲ ਵਿਖੇ ਦੋਸਤ ਮੁਹੰਮਦ ਦੀ ਪੁਨਰ ਤਾਜਪੋਸ਼ੀ ਤੋਂ ਪਹਿਲਾਂ ਦੀ ਖ਼ੂਨੀ ਵਾਰਤਾ ਸੀ। ਬਰਤਾਨਵੀ ਸਰਕਾਰ ਨੇ ਸ਼ਾਹ ਸ਼ੁਜਾਹ ਨੂੰ ਕਾਬਲ ਦੇ ਤਖ਼ਤ ਪੁਰ ਪੁਨਰ-ਬਹਾਲ ਕਰਨ ਦਾ ਪੂਰਾ ਯਤਨ ਕੀਤਾ। ਅਫ਼ਗਾਨ ਲੋਕ ਕਿਸੇ ਵੀ ਅਜਿਹੇ ਵਿਅਕਤੀ ਨੂੰ ਆਪਣਾ ਬਾਦਸ਼ਾਹ ਸਵੀਕਾਰ ਕਰਨ ਦੇ ਕਿਸੇ ਤਰ੍ਹਾਂ ਵੀ ਇੱਛਕ ਨਹੀਂ ਸਨ, ਜਿਹੜਾ ਕਿਸੇ ਬਿਦੇਸ਼ੀ ਹਕੂਮਤ ਦੀ ਛਤਰ-ਛਾਇਆ ਹੇਠ ਤਖ਼ਤ ਤੇ ਬਿਠਾਇਆ ਗਿਆ ਹੋਵੇ। ਸ਼ਾਹ ਸ਼ੁਜਾਹ ਅਤੇ ਲਾਅਨਤੀ ਫ਼ਰੰਗੀ ਦੇ ਖਿਲਾਫ਼ ਉਠਿਆ ਰੋਸ ਤੇ ਗੁੱਸਾ ਦੇਸ਼ ਦੇ ਵੱਖ-ਵੱਖ ਭਾਗਾਂ ਵਿੱਚ ਬਲਵੇ ਦੀ ਸੂਰਤ ਵਿੱਚ ਫਟ ਪਿਆ। ੩ ਨਵੰਬਰ, ੧੮੪੧ ਦੀ ਇਤਿਹਾਸਕ ਸਵੇਰ ਨੂੰ ਰੋਹ ਵਿੱਚ ਆਏ ਮੁਲਖੱਈਏ ਨੇ ਸਰ ਅਲੈਗਜ਼ਾਂਡਰ ਬਰਨਜ਼, ਜੋ ਉਸ ਵਕਤ ਕਾਬਲ ਵਿੱਚ ਅੰਗਰੇਜ਼ੀ ਰਾਜਦੂਤ ਸੀ, ਤੇ ਬ੍ਰੌਡਫੁਟ ਦੇ ਘਰਾਂ ਦਾ ਘੇਰਾ ਘੱਤ ਕੇ ਅੰਦਰ ਦੇ ਹਰ ਇੱਕ ਵਾਸੀ ਨੂੰ ਤਹਿ ਤੇਗ਼ ਕਰ ਦਿੱਤਾ। ਜਰਨੈਲ ਐਲਫ਼ਿਨਸਟੋਨ ਦਾ ਦਿਮਾਗ਼ ਹਿੱਲ ਗਿਆ ਤੇ ਉਸ ਦੇ ਹੋਸ਼ ਹਵਾਸ਼ ਜਾਂਦੇ ਰਹੇ। ਉਸ ਨੇ ਆਪਾ-ਸਮਰਪਣ ਤੇ ਹਥਿਆਰ ਸੁੱਟ ਦੇਣ ਦਾ ਫ਼ੈਸਲਾ ਕਰ ਲਿਆ। ੧੧ ਨਵੰਬਰ ਨੂੰ ਉਸ ਨੇ ਆਪਣੇ ੪,੫੦੦ ਸੈਨਿਕਾਂ ਸਮੇਤ ੭੦੦ ਯੂਰਪੀਨ ਫੌਜੀਆਂ ਨੂੰ ਬੰਦੂਕਾਂ ਤੇ ਸਾਜ-ਸਮਾਨ ਦੇ, ਭਗੌੜੇ ਦੋਸਤ ਮੁਹੰਮਦ ਦੇ ਪੁੱਤਰ ਮੁਹੰਮਦ ਅਕਬਰ ਖ਼ਾਂ ਦੇ ਹਵਾਲੇ ਕਰ ਦਿਤੇ। ੬ ਜਨਵਰੀ ੧੮੪੨ ਨੂੰ ਬੁੱਢਿਆਂ, ਬੀਮਾਰਾਂ, ਬੱਚਿਆਂ ਤੇ ਔਰਤਾਂ ਨੂੰ ਮੁਹੰਮਦ ਅਕਬਰ ਖ਼ਾਂ ਦੇ ਰਹਿਮ-ਕਰਮ ਪੁਰ ਛੱਡ ਕੇ ਉਹ ਕਾਬਲ ਨੂੰ ਛੱਡ ਗਿਆ। ਖੁਰਦ ਕਾਬਲ ਦੀਆਂ ਤੰਗ ਘਾਟੀਆਂ ਵਿੱਚੋਂ ਨੱਠਦੇ ਬਿਦੇਸ਼ੀਆਂ ਉਪੱਰ ਪਠਾਣ, ਦਰਿੰਦਿਆਂ ਵਾਂਗ ਟੁੱਟ ਪਏ। ਦੋ ਦਿਨ ਪਿਛੋਂ ਪਤਾ ਲਗਾ ਕਿ, ਮਸਾਂ ਅੱਠ ਕੁ ਸੌ ਬਿਦੇਸ਼ੀ ਹੀ

ਜਾਨ ਬਚਾ ਕੇ ਨੱਠ ਨਿਕਲਣ ਵਿੱਚ ਸਫਲ ਹੋਏ ਸਨ। ਬਾਕੀ ਦਿਆਂ ਨੂੰ ਭੁੱਖ, ਕੱਕਰ, ਕੁਹਰਾ ਤੇ ਅਫ਼ਗਾਨਾਂ ਦੀਆਂ ਗੋਲੀਆਂ ਖਾ ਗਈਆਂ। ਕੁਲ ੧੬,੫੦੦ ਵਿਅਕਤੀਆਂ ਵਿਚੋਂ ਡਾ: ਬਰਾਇਡਨ, ਸ਼ਾਇਦ ਇਕੱਲਮ-ਕੱਲਾ ਬਿਦੇਸ਼ੀ ਸੀ, ਜਿਹੜਾ ਜ਼ਖ਼ਮਾਂ, ਭੁੱਖਾਂ ਤੇ ਥਕਾਵਟਾਂ ਦਾ ਮਾਰਿਆ, ਹਫਿਆ-ਦਫਿਆ ਇਸ ਘਲੂਘਾਰੇ ਦੀ ਵਿਥਿਆ ਸੁਣਾਉਣ ਲਈ ਜਲਾਲਾਬਾਦ ਪੁਜ ਸਕਿਆ।

ਕਾਬਲ ਵਿਖੇ ਕੁਝ ਸੌ ਤੇ ਵੀਹ ਕੁ ਬਰਤਾਨਵੀ ਕੈਦੀ* ਰਹਿ ਗਏ, ਕੰਧਾਰ ਵਿਖੇ ਜਰਨੈਲ ਨਾਟ ਅਧੀਨ ਬਰਤਾਨਵੀ ਸੁਰਖਿਅਕ ਦਸਤਾ; ਗ਼ਜ਼ਨੀ ਵਿਖੇ ਕਰਨਲ ਪਾਮਰ ਅਧੀਨ, ਦੂਜਾ ਸੈਨਿਕ ਦਸਤਾ, ਕਲਾਤ-ਗ਼ਿਲਜ਼ੱਈ ਵਿਖੇ ਕੈਪਟਨ ਕਰੇਗੀ ਅਧੀਨ, ਤੀਜਾ ਦਸਤਾ ਅਤੇ ਜਲਾਲਾਬਾਦ ਵਿਖੇ ਗਬ੍ਰਟ ਸੇਲ ਅਧੀਨ, ਚੌਥਾ ਰੱਖਿਅਕ ਦਸਤਾ। ਪਰੰਤੂ, ਇਨ੍ਹਾਂ ਸਭਨਾਂ ਨੂੰ ਫੌਜੀ ਇਮਦਾਦ ਦੀ ਸਖ਼ਤ ਲੋੜ ਸੀ। ਇਮਦਾਦੀ ਸੈਨਾ ਲਈ ਖ਼ੈਬਰ ਵਾਲਾ ਰਸਤਾ ਸਭ ਤੋਂ ਛੋਟਾ, ਸੌਖਾ ਤੇ ਸੁਰਖਿਆ ਵਾਲਾ ਸੀ। ਮਿਸਟਰ ਕਲਾਰਕ (ਹੁਣ ਸਰ ਜਾਰਜ ਕਲਾਰਕ) ਸਹਾਇਤਾ ਦੀ ਦਰਖ਼ਾਸਤ ਕਰਨ ਲਈ ਲਾਹੌਰ ਗਿਆ। ਮਹਾਰਾਜਾ ਸ਼ੇਰ ਸਿੰਘ ਨੇ ਹਰ ਸੰਭਵ ਮਦਦ ਦੇਣੀ ਝੱਟ ਸਵੀਕਾਰ ਕਰ ਲਈ।

ਮਹਾਰਾਜਾ ਸ਼ੇਰ ਸਿੰਘ ਨੇ ਪਿਸ਼ਾਵਰ ਵਿਖੇ ਸਥਿਤ ਆਪਣੇ ਗਵਰਨਰ ਐਵੀਟੇਬਲ (Avitabile) ਨੂੰ ਹਦਾਇਤ ਕਰ ਭੇਜੀ ਕਿ ਉਹ ਬ੍ਰਿਗੇਡੀਅਰ ਵਾਈਲਡ ਨੂੰ ਛਾਉਣੀ ਵਿਚੋਂ ਕੁਝ ਤੋਪਾਂ, ਆਦਿ ਦੇ ਦੇਵੇ ਅਤੇ ਹੋਰ ਵੀ ਜਿਹੜੀ ਮਦਦ ਦੀ ਉਸ ਨੂੰ ਲੋੜ ਹੋਵੇ, ਤੁਰੰਤ ਪੂਰੀ ਕਰੇ। ਰਾਜਾ ਗੁਲਾਬ ਸਿੰਘ ਡੋਗਰੇ ਨੂੰ ਹਜ਼ਾਰਾ ਤੋਂ ਪਿਸ਼ਾਵਰ ਜਾਣ ਲਈ ਕਿਹਾ ਗਿਆ ਤਾਂ ਜੋ ਉਹ ਸਾਰੇ ਪ੍ਰਬੰਧ ਆਦਿ ਦੀ ਆਪ ਨਿਗਰਾਨੀ ਕਰੇ। ਮਿਸਟਰ ਕਲਾਰਕ ਨੇ ਪਿਸ਼ਾਵਰ ਦੇ ਫੌਜੀ ਸੰਪਰਕ ਅਧਿਕਾਰੀ ਕੈਪਟਨ ਹੈਨਰੀ ਲਾਰੰਸ ਨੂੰ ਸਿੱਖਾਂ ਦੀ ਸਹਾਇਤਾ, ਖੁਸ਼ਨੂਦੀ ਤਥਾ ਰਜ਼ਾਮੰਦੀ ਹਾਸਲ ਕਰਨ ਲਈ ਨਿਯੁਕਤ ਕੀਤਾ।

ਬ੍ਰਿਗੇਡੀਅਰ ਵਾਈਲਡ ਨੂੰ ਫਿਰੋਜ਼ਪੁਰ ਤੋਂ ਪਿਸ਼ਾਵਰ ਤੱਕ ਦਾ ੩੦੦ ਮੀਲ ਦਾ ਬਿਖੜਾ ਰਸਤਾ ਤੈਅ ਕਰਨ ਲਈ ਪੂਰਾ ਇੱਕ ਮਹੀਨਾ ਲੱਗਾ, ਉਥੋਂ ਐਵੀਟੇਬਲ ਤੋਂ ਚਾਰ ਤੋਪਾਂ ਉਧਾਰੀਆਂ ਲੈ ਕੇ ਉਹ ਖ਼ੈਬਰ ਦੱਰੇ 'ਚੋਂ ੩ ਜਨਵਰੀ ੧੮੪੨ ਨੂੰ ਲੰਘਕੇ ੧੫ ਤਰੀਕ ਅਲੀ ਮਸਜਿਦ ਵਿਖੇ ਪੁਜਾ। ਉਸ ਸਮੇਂ ਉਸ ਨੂੰ ਪਤਾ ਲੱਗਾ

* ਕੈਦੀਆਂ ਵਿਚੋਂ ਵਿਸ਼ੇਸ਼ ਕਰਕੇ ਵਰਣਨਯੋਗ ਪ੍ਰਸਿੱਧ ਵਿਅਕਤੀ ਇਹ ਸਨ — ਲੇਡੀ ਸੇਲ, ਲੇਡੀ ਮੈਕਨਾਟਨ, ਕਰਨਲ ਪਾਮਰ, ਜਰਨੈਲ ਸ਼ੈਲਟਨ, ਪੋਲੀਟੀਕਲ ਆਫ਼ੀਸਰ ਈ. ਪੋਟਿੰਗਰ ਅਤੇ ਜਾਰਜ ਲਾਰੰਸ।

ਕਿ ਆਪਣਾ ਬਹੁਤ ਸਾਰਾ ਰਾਸ਼ਨ ਸਾਮਾਨ ਤਾਂ ਉਹ ਗ਼ਲਤੀ ਨਾਲ ਪਿਛੇ ਹੀ ਛੱਡ ਆਇਆ ਸੀ। ਅਫ਼ਰੀਦੀਆਂ ਨੇ ਉਸ ਦੀ ਸੈਨਾ ਪੁਰ ਅਚਾਨਕ ਛਾਪਾ ਮਾਰਿਆ। ਜ਼ਖ਼ਮੀ ਹੋਣ ਵਾਲਿਆਂ ਵਿੱਚ ਬ੍ਰਿਗੇਡੀਅਰ ਵਾਈਲਡ ਆਪ ਵੀ ਸੀ। ਇੱਕ ਤਾਂ ਅੰਗਰੇਜ਼ੀ ਸਿਪਾਹੀਆਂ ਤੇ ਅਧਿਕਾਰੀਆਂ ਪਾਸ ਰਾਸ਼ਨ ਸਾਮਾਨ ਦੀ ਥੁੜ੍ਹ ਸੀ ਤੇ ਦੂਜੇ ਅਫ਼ਰੀਦੀਆਂ ਨੇ ਲੰਮੀਆਂ ਦੁਨਾਲੀਆਂ, ਆਦਿ ਨਾਲ ਲੁਕ-ਲੁਕ ਕੇ ਫਾਇਰ ਕਰ ਕੇ ਜਿਹੜੀ ਤਬਾਹੀ ਮਚਾਈ, ਉਸ ਨਾਲ ਦੇਸੀ ਕੀ ਤੇ ਅੰਗਰੇਜ਼ ਸੈਨਿਕ ਕੀ— ਸਭ ਦਿਲ ਛੱਡ ਗਏ ਤੇ ਢੇਰੀ ਢਾਹ ਬੈਠੇ।

ਇਸ ਤਰ੍ਹਾਂ ਜਲਾਲਾਬਾਦ ਨੂੰ ਵਿਮੁਕਤ ਕਰਾਉਣ ਦੀ ਪਹਿਲੀ ਮੁਹਿੰਮ ਤੇ ਕੋਸ਼ਿਸ਼ ਅਕਾਰਥ ਗਈ* ਅਤੇ ਬਰਤਾਨਵੀ ਫੌਜਾਂ ਜਮਰੌਦ (ਪਿਸ਼ਾਵਰ ਦੇ ਇਲਾਕੇ ਵਿੱਚ) ੨੪ ਜਨਵਰੀ ਨੂੰ ਪਰਤ ਆਈਆਂ।

ਇਸ ਦੌਰਾਨ ਸਾਰੇ ਉਤਰੀ ਭਾਰਤ ਦੀਆਂ ਫੌਜਾਂ ਨੂੰ ਪਿਸ਼ਾਵਰ ਜਾਣ ਦੇ ਹੁਕਮ ਦੇ ਦਿਤੇ ਗਏ, ਕਿਉਂ ਜੁ ਪਿਸ਼ਾਵਰ ਉਸ ਵੇਲੇ ਬਦਲਾ ਲੈਣ ਵਾਲੀ ਫ਼ੌਜ ਦੀ ਠਾਹਰ ਬਣ ਚੁਕਾ ਸੀ, ਜਿਸ ਦੀ ਕਮਾਨ ਜਰਨੈਲ ਪੋਲਕ ਹੱਥ ਸੀ ਅਤੇ ਜੋ ਉਥੇ ਫਰਵਰੀ ਦੇ ਸ਼ੁਰੂ ਵਿੱਚ ਹੀ ਪੁੱਜ ਗਿਆ ਸੀ। ਪੋਲਕ ਨੂੰ ਇਹ ਜਾਣ ਕੇ ਬੜੀ ਨਿਰਾਸਤਾ ਹੋਈ, ਕਿ ਬ੍ਰਿਗੇਡੀਅਰ ਵਾਈਲਡ ਦੇ ਸਿਪਾਹੀ ਤਾਂ ਉਸ ਨਾਲ ਅਗਾਂਹ ਮੋਰਚੇ ਤੇ ਜਾਣ ਲਈ ਤਿਆਰ ਹੀ ਨਹੀਂ ਸਨ ਤੇ ਉਨ੍ਹਾਂ ਦੀ ਪਠਾਣਾਂ ਨਾਲ ਲੜਨ ਦੀ ਕੋਈ ਰੁਚੀ ਨਹੀਂ ਸੀ। ਨਾਲੇ ਕੁਝ ਇੱਕ ਅੰਗਰੇਜ਼ ਅਫਸਰ ਵੀ ਆਪਣੇ ਦੇਸੀ ਸਿਪਾਹੀਆਂ ਦੇ ਅਜਿਹੇ ਭਾਵਾਂ ਨਾਲ ਸਹਿਮਤ ਜਾਪਦੇ ਸਨ। ਇਸ ਲਈ ਉਸ ਨੂੰ ਜਮਰੌਦ ਨੇੜੇ ਆਪਣੇ ਅੰਗਰੇਜ਼ ਘੋੜ-ਚੜ੍ਹੇ ਸਵਾਰਾਂ ਤੇ ਘੋੜਾ-ਤੋਪਖਾਨੇ ਦੇ ਪਹੁੰਚਣ ਤਕ ਮਜਬੂਰਨ ਦੋ ਮਹੀਨੇ ਉਡੀਕਣਾ ਪਿਆ।

ਇਸ ਢਿੱਲ-ਮਠ ਜਾਂ ਦੇਰੀ ਦਾ ਇੱਕ ਹੋਰ ਕਾਰਣ ਇਹ ਵੀ ਸੀ, ਕਿ ਲਫਟੈਨ ਮੈਕੀਸਨ ਉਨ੍ਹਾਂ ਅਫਰੀਦੀ ਸਰਦਾਰਾਂ ਨੂੰ ਐਵੀਟੇਬਲ ਦੀ ਮਦਦ ਨਾਲ ਆਪਣੇ ਵੱਲ ਪ੍ਰੇਰਨਾ ਚਾਹੁੰਦਾ ਸੀ, ਜਿਨ੍ਹਾਂ ਦਾ ਖ਼ੈਬਰ ਦੇ ਤੰਗ ਦੱਰੇ ਉਪਰ ਪੂਰਨ ਅਧਿਕਾਰ ਤੇ ਕਾਬੂ ਸੀ। ਜਦੋਂ ਅਜਿਹੀਆਂ ਖ਼ਬਰਾਂ ਪੁੱਜੀਆਂ ਕਿ ਮੁਹੰਮਦ ਅਕਬਰ ਖ਼ਾਂ ਦੇ ਸਿਪਾਹੀ ਇੱਕ ਵੱਡੀ ਸੰਖਿਆ ਵਿੱਚ ਅਲੀ ਮਸਜਿਦ ਦੇ ਨੇੜੇ-ਤੇੜੇ ਆ ਪਹੁੰਚੇ ਹਨ

---

* ਐਡਵਰਡਜ਼ ਤੇ ਮੈਰੀਵੇਲ ਨੇ ਆਪਣੀ ਪੁਸਤਕ "ਲਾਈਫ਼ ਆਫ਼ ਲਾਰੰਸ" ਵਿੱਚ ਇਸ ਨਾਕਾਮੀ ਜਾਂ ਅਸਫਲਤਾ ਦਾ ਇੱਕ ਕਾਰਣ ਇਹ ਵੀ ਦਿੱਤਾ ਹੈ, ਕਿ ਲਾਹੌਰ ਸਰਕਾਰ ਵਲੋਂ ਭੇਜੀਆਂ ਗਈਆਂ ਨਜੀਬ ਪਲਟਨਾਂ ਦੇ ਮੁਸਲਮਾਨ ਸਿਪਾਹੀਆਂ ਨੇ ਆਪਣੇ ਹਮ-ਮਜ਼੍ਹਬ ਮੁਸਲਮਾਨ ਪਠਾਣਾਂ ਵਿਰੁੱਧ ਲੜਨੋਂ ਇਨਕਾਰ ਕਰ ਦਿੱਤਾ ਸੀ ਤੇ ਉਹ ਉਸੇ ਵੇਲੇ ਪਿਸ਼ਾਵਰ ਨੂੰ ਪਰਤ ਗਏ, ਜਦੋਂ ਹੀ ਬਰਤਾਨਵੀ ਫੌਜ ਖ਼ੈਬਰ ਦੱਰੇ ਵਿੱਚ ਦਾਖਲ ਹੋਈ। (ਪੰਨੇ ੨੨੩-੨੪)

ਤਾਂ ਪੋਲਕ ਨੂੰ ਹਫੜਾ-ਦਫੜੀ ਪੈ ਗਈ। ਉਹ ਭਾਰੀ ਦੁਬਧਾ ਵਿੱਚ ਫਸ ਗਿਆ। ਇਸ ਦਾ ਦੂਜੇ ਸ਼ਬਦਾਂ ਵਿੱਚ ਇਹ ਮਤਲਬ ਸੀ, ਕਿ ਜਲਾਲਾਬਾਦ ਦੀ ਅਤੇ ਬਰਤਾਨਵੀ ਮੋਰਚਿਆਂ ਦੀ ਸਥਿਤੀ ਪਹਿਲਾਂ ਨਾਲੋਂ ਵੀ ਵਧੇਰੇ ਖਤਰੇ ਵਿੱਚ ਸੀ। ਓਧਰੋਂ ਉਸ ਦੀ ਕੁਮਕ ਦੇ ਉਨ੍ਹਾਂ ੪,੦੦੦ ਜਵਾਨਾਂ ਦੇ ਪੁੱਜਣ ਦੀ ਹਾਲੀ ਕੋਈ ਉੱਘ-ਸੁੱਘ ਨਹੀਂ ਸੀ, ਜਿਨ੍ਹਾਂ ਦੀ ਉਹ ਤੀਬਰਤਾ ਸਹਿਤ ਉਡੀਕ ਕਰ ਰਿਹਾ ਸੀ। ਉਸ ਪਾਸ ਜਿਹੜੇ ੮,੦੦੦ ਜਵਾਨ ਮੌਜੂਦ ਸਨ, ਉਹ ਦੱਰੇ ਖ਼ੈਬਰ ਦੀਆਂ ਮੁਸ਼ਕਲਾਂ ਪੁਰ ਸਫਲਤਾ ਸਹਿਤ ਕਾਬੂ ਪਾਉਣ ਲਈ ਕਾਫੀ ਨਹੀਂ ਸਨ, ਸਿੱਖਾਂ ਦੇ ਖ਼ਿਲਾਫ ਅਤਿ ਬੇ-ਪ੍ਰਤੀਤੀ ਹੁੰਦਿਆਂ ਵੀ ਜਨਰਲ ਪੋਲਕ ਨੂੰ ਯਕੀਨ ਹੋ ਗਿਆ ਸੀ ਕਿ ਸਿੱਖ ਸਰਕਾਰ ਦੀ ਮਦਦ ਲਾਜ਼ਮੀ ਲੈਣੀ ਪਵੇਗੀ।

ਪਹਿਲੀ ਗੱਲ ਤਾਂ ਮੈਦਾਨੇ-ਜੰਗ ਵਿੱਚ ਲਿਆਉਣ ਲਈ ਜਿੰਨੇ ਵੀ ਹੋ ਸਕਣ ਸਿਪਾਹੀ ਲੋੜੀਂਦੇ ਸਨ। ਦੂਜਾ ਅਫ਼ਗ਼ਾਨਿਸਤਾਨ ਵਿੱਚ ਆਪਣੇ ਦੁਸ਼ਮਨਾਂ ਨੂੰ ਇਸ ਗੱਲ ਦਾ ਇਹਸਾਸ ਕਰਾਉਣਾ ਵੀ ਬਹੁਤ ਮਹੱਤਵਪੂਰਨ ਸੀ ਕਿ ਸਿਖ ਸਾਡੇ ਨਾਲ ਹਨ। ਮੇਜਰ ਸਰ ਹਰਬਰਟ ਐਡਵਰਡਜ਼ ਅਤੇ ਮੈਰੀਵੇਲ ਦੇ ਸ਼ਬਦਾਂ ਵਿੱਚ "ਜਦੋਂ ਕਿ ਬਰਤਾਨਵੀ ਫੌਜ ਦਾ ਇੱਕ ਹਿੱਸਾ ਤਾਂ ਕਾਬਲ ਵਿੱਚ ਬਿਲਕੁਲ ਹੀ ਤਬਾਹ ਹੋ ਚੁੱਕਾ ਸੀ ਅਤੇ ਹੋਰ ਦੋਹਾਂ ਨੂੰ ਅਫ਼ਗਾਨਾਂ ਨੇ ਜਲਾਲਾਬਾਦ ਅਤੇ ਕੰਧਾਰ ਵਿਖੇ ਘੇਰੇ ਵਿੱਚ ਲੈ ਰੱਖਿਆ ਸੀ, ਤਾਂ ਉਸ ਘੜੀ ਜੇਕਰ ਪੰਜਾਬ ਵਿੱਚ ਸਿੱਖ ਵੀ ਕਿਧਰੇ ਸਾਡੇ ਵੱਲ ਸਿੱਧੇ ਹੋ ਜਾਂਦੇ ਤੇ ਸਾਲ ੧੮੫੭ ਦੀ ਬਗ਼ਾਵਤ ਨੇ ਪਹਿਲਾਂ ਤੋਂ ਵੀ ਕਿਤੇ ਵੱਧ ਵਿਗੜੇ ਹਾਲਾਤ ਨਾਲ, ੧੮੪੨ ਵਿੱਚ ਹੀ ਵਾਪਰ ਜਾਣਾ ਸੀ।"

ਅੰਗਰੇਜ਼ੀ ਅਫ਼ਸਰ ਮੈਕਸਨ ਤੇ ਲਾਰੰਸ ਲਾਹੌਰ ਦਰਬਾਰ ਵਲੋਂ ਬਰਤਾਨਵੀ ਮੁਹਿੰਮ ਦੀ ਸਹਾਇਤਾ ਲਈ ਨਿਯੁਕਤ ਕੀਤੇ ਗੁਲਾਬ ਸਿੰਘ ਡੋਗਰੇ ਨਾਲ ਅਟਕ ਵਿਖੇ ਸਲਾਹ-ਮਸ਼ਵਰਾ ਕਰਨ ਗਏ। ਗੁਲਾਬ ਸਿੰਘ ਬੜੀ ਤੀਖਣ ਤੇ ਪਾਰਦਰਸ਼ੀ ਬੁੱਧੀ ਦਾ ਮਾਲਕ ਸੀ। ਗੱਲਬਾਤ ਸ਼ੁਰੂ ਹੋਣ ਤੋਂ ਪਹਿਲਾਂ ਹੀ ਗੁਲਾਬ ਸਿੰਘ ਮੇਜਰ ਲਾਰੰਸ ਦੀ ਆਮਦ ਦਾ ਮਤਲਬ ਭਾਂਪ ਗਿਆ ਸੀ, ਉਸ ਨੇ ਇਸ ਅਵਸਰ ਤੋਂ ਆਪਣੇ ਲਈ ਅੰਗਰੇਜ਼ਾਂ ਦੀ ਦੋਸਤੀ ਤੇ ਉਸ ਦੇ ਲਾਭ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਤਾੜ ਲਿਆ। ਉਸ ਨੇ ਗੱਲਬਾਤ ਵਿੱਚ ਆਪਣੀਆਂ ਮੁਸ਼ਕਲਾਂ ਦਾ ਰੋਣਾ ਰੋਇਆ ਤੇ ਆਪਣੀ ਮਜਬੂਰੀ ਤੇ ਜ਼ੋਰ ਦਿੱਤਾ। ਮਹਾਰਾਜਾ ਸ਼ੇਰ ਸਿੰਘ ਨੇ ਵੀ ਅਰੁਚੀ ਵਿਖਾਈ ਸੀ। ਮਹਾਰਾਜਾ ਰਣਜੀਤ ਸਿੰਘ ਵਲੋਂ ਪ੍ਰਵਾਨ ਕੀਤੀ ਤਰੈ-ਧਿਰੀ ਸੰਧੀ ਵੀ ਕੋਈ ਉਤਸ਼ਾਹ ਭਰੀ ਨਹੀਂ ਸੀ; ਇਸ ਲਈ ਗੁਲਾਬ ਸਿੰਘ ਲਈ ਲਾਰੰਸ

ਨੂੰ ਅਜਿਹਾ ਪ੍ਰਭਾਵ ਦੇਣਾ ਸੌਖਾ ਸੀ, ਕਿ ਜੇਕਰ ਉਹ ਇਸ ਸੰਕਟ-ਕਾਲ ਸਮੇਂ ਉਸ ਦੀ ਮਦਦ ਕਰਦਾ ਹੈ, ਤਾਂ ਉਸ ਦਾ ਰਿਣ ਲਾਹੌਰ ਦਰਬਾਰ ਨਹੀਂ, ਸਗੋਂ ਉਸੇ ਨੂੰ ਹੀ ਜਾਵੇਗਾ।

ਲਾਰੰਸ ਗੁਲਾਬ ਸਿੰਘ ਨਾਲ ਮੁਲਾਕਾਤ ਕਰ ਕੇ ਖ਼ੁਸ਼ ਸੀ। ਉਸ ਨੂੰ ਗੁਲਾਬ ਸਿੰਘ ਵਲੋਂ ਫੌਰੀ ਮਦਦ ਦਾ ਭਰੋਸਾ ਵੀ ਮਿਲ ਗਿਆ ਸੀ ਤੇ ਨਾਲ ਹੀ ਅਜਿਹੀ ਸਹਾਇਤਾ ਦੀ ਸੰਭਾਵਨਾ ਵੀ ਪੈਦਾ ਹੋ ਗਈ ਸੀ ਕਿ ਲੋੜ ਪੈਣ ਪੁਰ ਲਾਹੌਰ ਦੇ ਸ਼੍ਰੋਮਣੀ ਅਮੀਰਾਂ ਵਜ਼ੀਰਾਂ ਦੀ ਸਹਾਇਤਾ ਪ੍ਰਾਪਤ ਕਰਨ ਲਈ ਵੀ ਉਸ ਨੂੰ ਯਕੀਨ ਦਵਾਇਆ ਕਿ ਉਸ ਦੀ ਅਜਿਹੀ ਸੇਵਾ ਬਰਤਾਨਵੀ ਸਰਕਾਰ ਕਦੇ ਵੀ ਨਹੀਂ ਭੁਲੇਗੀ ਤੇ ਨਾ ਹੀ ਉਸ ਦੀ ਇਸ ਸਮੇਂ ਕੀਤੀ ਮਦਦ ਬਿਨਾਂ ਇਵਜ਼ਾਨੇ ਜਾਂ ਇਨਾਮ ਦੇ ਜਾਵੇਗੀ (ਇਨਾਮ ਵਜੋਂ ਇਹ ਗਰੰਟੀ ਦਿੱਤੀ ਗਈ ਕਿ ਉਸ ਨੂੰ ਉਸ ਦੇ ਜੱਦੀ ਪਹਾੜੀ ਇਲਾਕਿਆਂ ਦੀ ਨਾ ਕੇਵਲ ਸੁਰੱਖਿਅਤ ਮਾਲਕੀ ਹੀ ਦਿੱਤੀ ਜਾਵੇਗੀ, ਸਗੋਂ ਉਸ ਵਿੱਚ ਹੋਰ ਵਾਧਾ ਵੀ ਕਰ ਦਿੱਤਾ ਜਾਵੇਗਾ)। ਇਸ ਪੁਰ ਹੈਨਰੀ ਲਾਰੰਸ ਨੇ ਆਪਣੀ ਸਰਕਾਰ ਨੂੰ ਆਪਣੇ ਵਿਚਾਰ ਤੇ ਠੋਸ ਤਜਵੀਜ਼ਾਂ ਬਾਰੇ ਲਿਖ ਦਿੱਤਾ।

ਅੰਗਰੇਜ਼ਾਂ ਨੇ ਝੱਟ ਇਸ ਮੌਕੇ ਦਾ ਫ਼ਾਇਦਾ ਉਠਾਇਆ ਅਤੇ ਆਪਣੇ ਲੁਧਿਆਣਾ ਏਜੰਟ (ਰਾਜਦੂਤ) ਰਾਹੀਂ ਗੁਲਾਬ ਸਿੰਘ ਨੂੰ ਇੱਕ ਮਾਨ-ਪੱਤਰ ਭਿਜਵਾ ਦਿੱਤਾ, ਜਿਸ ਵਿੱਚ ਉਸ ਵਲੋਂ ਦਿੱਤੀ ਜਾਣ ਵਾਲੀ ਸਹਾਇਤਾ ਦੀ ਭਾਰੀ ਸ਼ਲਾਘਾ ਕੀਤੀ ਅਤੇ ਭਵਿੱਖ ਲਈ ਆਪਣੀ ਖ਼ੈਰ-ਸਗਾਲੀ ਦਾ ਪੂਰਨ ਭਰੋਸਾ ਦਿਵਾਇਆ। ਗੁਲਾਬ ਸਿੰਘ ਨੇ ਪਿਸ਼ਾਵਰ ਵਲ ਕੂਚ ਕੀਤਾ ਅਤੇ ਖ਼ਾਲਸਾ ਸਿਪਾਹੀਆਂ ਨੂੰ ਬੜੀ ਸਿਆਣਪ ਤੇ ਹਿਕਮਤ ਨਾਲ ਪ੍ਰੇਰਣਾ ਕੀਤੀ, ਕਿ ਉਹ ਅੰਗਰੇਜ਼ਾਂ ਪ੍ਰਤਿ ਵਿਰੋਧੀ ਭਾਵਾਂ ਨੂੰ ਤੱਜਦੇ ਹੋਏ ਉਨ੍ਹਾਂ ਦੀ ਇਸ ਮੁਹਿੰਮ ਨੂੰ ਆਪਣਾ ਸੰਕਟ ਹੀ ਸਮਝਣ। ਉਹ ਉਹਨਾਂ ਨੂੰ ਇਸ ਗੱਲ ਲਈ ਵੀ ਪ੍ਰੇਰਤ ਕਰਨ ਵਿੱਚ ਸਫਲ ਹੋ ਗਿਆ, ਕਿ ਉਹ ਅੰਗਰੇਜ਼ਾਂ ਵਲੋਂ ਖ਼ੈਬਰ ਦੱਰੇ ਨੂੰ ਪਾਰ ਕਰਨ ਲਈ ਅਖ਼ਤਿਆਰ ਕੀਤੇ ਜਾਣ ਵਾਲੇ ਰਸਤੇ ਤੋਂ ਵੀ ਲੰਮੇਰੇ ਰਾਹ ਤੇ ਪੈ ਜਾਣ। ਪੋਲਕ ਨੇ ੫ ਅਪ੍ਰੈਲ ਦੀ ਦੁਪਹਿਰ ਨੂੰ ਪਿਸ਼ਾਵਰ ਤੋਂ ਕੂਚ ਕੀਤਾ। ਉਸ ਨੇ ਆਪਣੇ ਲਈ "ਸ਼ਾਦੀ-ਬਗਿਆਰੀ" ਵਾਲਾ ਰਸਤਾ ਚੁਣਿਆ, ਜਿਹੜਾ ੭ ਮੀਲ ਲੰਮੇਰਾ ਸੀ। ਉਸ ਦੀ ਰਵਾਨਗੀ ਤੋਂ ਇੱਕ ਘੱਟਾ ਪਿਛੋਂ ਦਸ ਰਜਮੈਂਟਾਂ ਪੁਰ ਸਮਿਲਤ ਸਿੱਖ ਫ਼ੌਜਾਂ ਨੇ ਜਰਨੈਲ ਐਵੀਟੇਬਲ ਦੀ ਕਮਾਨ ਹੇਠ ਕੂਚ ਕਰ ਦਿੱਤਾ ਅਤੇ ੧੪ ਮੀਲ ਵਾਲੇ 'ਜ਼ੁਬਲਾ ਕਾ ਰਸਤਾ' ਅਖਤਿਆਰ ਕੀਤਾ, ਜਿਹੜਾ ਦੂਜੇ ਰਾਹ ਨਾਲ ਅਲੀ ਮਸਜਿਦ ਵਿਖੇ ਆ ਰਲਦਾ

ਸੀ। ਸਿੱਖਾਂ ਨੂੰ ਸਾਰੇ ਰਾਹ ਹੀ ਲੜਨਾ ਪਿਆ, ਪਰ ਉਹ ਦੂਜੇ ਰਸਤੇ ਤੋਂ ਆ ਰਹੀ ਦੁਸ਼ਮਨ ਦੀ ਵੱਡੀ ਸੈਨਾ ਨੂੰ ਹਟਾਉਣ ਵਿੱਚ ਕਾਮਯਾਬ ਹੋ ਗਏ। ਇਸ ਤਰ੍ਹਾਂ ਪੋਲਕ ਲਈ ਖ਼ੈਬਰ ਦੱਰੇ ਰਾਹੀਂ ਕੂਚ ਕਰਨਾ ਮੁਕਾਬਲਤਨ ਸੌਖਾ ਹੋ ਗਿਆ। ਉਹ ੬ ਅਪਰੈਲ ਨੂੰ ਅਲੀ ਮਸਜਿਦ ਵਿਖੇ ਪੁੱਜ ਗਿਆ, ਜਿਥੋਂ ਉਸ ਨੇ ਅਫ਼ਗਾਨਾਂ ਨੂੰ ਮਾਰ ਭਜਾਇਆ। ਦੋ ਘੰਟਿਆ ਪਿਛੋਂ ਸਿੱਖ ਫ਼ੌਜਾਂ ਉਸ ਨਾਲ ਆ ਰਲੀਆਂ।

ਅਗਲਾ ਨਿਸ਼ਾਨਾ ਹੁਣ ਜਲਾਲਾਬਾਦ ਸੀ ਜੋ ੨੫ ਮੀਲ ਅਗੇਰੇ ਸੀ ਅਤੇ ਜਿਸ ਪੁਰ ਰਾਬਰਟ ਸੇਲ ਤੇ ਉਸ ਦੇ ਮੁੱਠੀ ਭਰ ਯੁਵਕ ਅਧਿਕਾਰੀਆਂ ਦਾ ਅਧਿਕਾਰ ਸੀ। ਲਾਹੌਰ ਦਰਬਾਰ ਦੇ ਫੌਜੀ ਦਸਤਿਆਂ ਵਿਚੋਂ ਗੁਲਾਬ ਸਿੰਘ ਪਹੂਵਿੰਡੀਆ ਦੀ ਕਮਾਨ ਅਧੀਨ ੩,੩੦੦ ਜੁਆਨ ਬਰਤਾਨਵੀ ਫੌਜ ਦੇ ਨਾਲ ਹੋ ਗਏ। ਬਾਕੀ ਦੇ ਜੁਆਨ ਪਿੱਛਾ ਸੰਭਾਲਣ ਲਈ ਉਥੇ ਹੀ ਟਿਕੇ ਰਹੇ।

ਸਿੱਖਾਂ ਤੇ ਅੰਗਰੇਜ਼ੀ ਫੌਜਾਂ ਦੇ ਇਕੱਠੇ ਜਤਨਾਂ ਸਦਕਾ ੧੬ ਅਪ੍ਰੈਲ ਨੂੰ ਜਲਾਲਾਬਾਦ ਪੁਰ ਕਬਜ਼ਾ ਹੋ ਗਿਆ। ਪੋਲਕ ਨੇ ਕਾਬਲ ਵੱਲ ਉਸੇ ਵੇਲੇ ਕੂਚ ਕਰਨਾ ਉਚਿਤ ਨਾ ਸਮਝਿਆ, ਕਿਉਂ ਜੋ ਇੱਕ ਤਾ ਲਾਰਡ ਐਲਨਬਰੋ ਲਈ ਅਫ਼ਗਾਨਿਸਤਾਨ ਦੇ ਭਵਿੱਖ ਬਾਰੇ ਫੈਸਲਾ ਲੈਣਾ ਔਖਾ ਭਾਸ ਰਿਹਾ ਸੀ, ਦੂਜੇ ਉਹ ਕਰਨਲ ਲਾਰੰਸ ਤੇ ਲਫਟੈਨ ਮੈਕੀਸਨ ਨੂੰ ਮੁਹੰਮਦ ਅਕਬਰ ਖਾਂ ਨਾਲ ਬਰਤਾਨਵੀ ਕੈਦੀਆਂ ਦੇ ਬਾ-ਇੱਜ਼ਤ ਆਪਾ-ਸਮਰਪਣ ਬਾਰੇ ਗੱਲਬਾਤ ਕਰਨ ਲਈ ਸਮਾਂ ਦੇਣਾ ਚਾਹੁੰਦਾ ਸੀ ਤੇ ਜਦੋਂ ਇਹ ਗੱਲਬਾਤ ਅਸਫਲ ਹੋ ਗਈ, ਤਾਂ ਮੁੜ ਕੂਕ ਦਾ ਬਿਗਲ ਵਜਾ ਦਿੱਤਾ ਗਿਆ। ਪੋਲਕ ਸਿੱਖ ਦਸਤੇ ਨੂੰ ਜਲਾਲਾਬਾਦ ਤੋਂ ਅਗਾਂਹ ਨਾਲ ਲੈ ਜਾਣ ਦੇ ਹੱਕ ਵਿੱਚ ਨਹੀਂ ਸੀ ਉਸ ਨੂੰ ਹਾਲੀ ਵੀ ਸਿੱਖਾਂ ਦੇ ਈਮਾਨ ਤੇ ਸ਼ੱਕ ਸੀ, ਨਾਲੇ ਉਨ੍ਹਾਂ ਦੇ ਨੇਮ ਤੇ ਜ਼ਾਬਤੇ ਸੰਬੰਧੀ ਵੀ ਉਸ ਦੀ ਰਾਏ ਕੋਈ ਚੰਗੀ ਨਹੀਂ ਸੀ। ਫਿਰ ਵੀ ਕਰਨਲ ਲਾਰੰਸ ਦੇ ਜ਼ੋਰ ਦੇਣ ਪੁਰ ਉਹ ਗੁਲਾਬ ਸਿੰਘ ਪਹੂਵਿੰਡੀਏ ਦੇ ਦਸਤੇ ਦੇ ਕੁਝ ਹਿੱਸੇ ਨੂੰ ਨਾਲ ਲੈ ਜਾਣ ਲਈ ਮੰਨ ਗਿਆ। ਜਗਦਾਲਕ ਅਤੇ ਤੇਜ਼ੀਨ ਵਿਖੇ ੧੪-੧੫ ਸਤੰਬਰ ਨੂੰ ਮੁਹੰਮਦ ਅਕਬਰ ਨਾਲ ਮੁੱਠ-ਭੇੜ ਪਿਛੋਂ ਇਹ ਫੌਜ ਪਹੁੰਚ ਗਈ, ਜਿਥੇ ਉਸ ਨੇ 'ਬਾਲਾ ਹਿਸਾਰ' ਕਿਲ੍ਹੇ ਉਪਰ ਬਰਤਾਨਵੀ ਝੰਡਾ ਮੁੜ ਜਾ ਗਡਿਆ।

ਇਸ ਤਰ੍ਹਾਂ ਬਿਲਕੁਲ ਸਪੱਸ਼ਟ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੀ ਜੂਨ ੧੮੩੯ ਨੂੰ ਹੋਈ ਮ੍ਰਿਤੂ ਪਿਛੋਂ ਬਜਾਇ ਬਰਤਾਨਵੀ ਇਲਾਕੇ ਪੁਰ ਚੜ੍ਹਾਈ ਕਰਨ ਦੇ ਇਰਾਦੇ ਦੇ ਮਹਾਰਾਜਾ ਸ਼ੇਰ ਸਿੰਘ ਨੇ ਅੰਗਰੇਜ਼ਾਂ ਨਾਲ ਹੋਈ ਮਿਤ੍ਰਤਾ - ਸੰਧੀ ਪੁਰ

ਸੱਚ ਦਿਲੋਂ ਪਹਿਰਾ ਦੇਂਦਿਆਂ ਅੰਗਰੇਜ਼ਾਂ ਨੂੰ ਲਾਹੌਰ ਦਰਬਾਰ ਦੇ ੧੫,੦੦੦ ਸਿਪਾਹੀ ਮਦਦ ਵਜੋਂ ਦੇ ਕੇ ਅਫ਼ਗਾਨਾਂ ਦੇ ਦਗੇ ਦਾ ਬਦਲਾ ਲਿਆ ਅਤੇ ਉਸ ਨਾਜ਼ਕ ਸਮੇਂ ਖ਼ੈਬਰ ਦੱਰੇ ਦਾ ਰਾਹ ਖੋਲ੍ਹਣ ਵਿੱਚ ਅੰਗਰੇਜ਼ਾਂ ਦੀ ਪੂਰੀ-ਪੂਰੀ ਮਦਦ ਕੀਤੀ, ਜਦ ਉਹ (ਅੰਗਰੇਜ਼) ਸਿੱਖਾਂ ਦੀ ਸਹਾਇਤਾ ਬਿਨਾਂ ਅੰਤ੍ਰੀਵ-ਅਫ਼ਗ਼ਾਨਿਸਤਾਨ ਵਿੱਚ ਵੱਖ-ਵੱਖ ਥਾਵਾਂ ਤੇ ਘਿਰੇ ਹੋਏ ਅੰਗਰੇਜ਼ੀ ਅਮਲੇ ਤੇ ਸੈਨਿਕਾਂ ਨੂੰ ਕਿਸੇ ਤਰ੍ਹਾਂ ਵੀ ਵਿਮੁਕਤ ਨਹੀਂ ਕਰਵਾ ਸਕਦੇ ਸਨ; ਸਗੋਂ ਉਹ ਤਾਂ ਅਜਿਹਾ ਭਿਆਨਕ ਸਮਾਂ ਸੀ, ਜਦ ਯੂਰਪੀਨ ਹਥਿਆਰਬੰਦਾਂ ਦੀ ਸ਼ੁਹਰਤ ਨੂੰ ਸਖ਼ਤ ਢਾਹ ਲੱਗ ਚੁਕੀ ਸੀ ਅਤੇ ਉਨ੍ਹਾਂ ਦੇ ਹੋਏ ਕਤਲਾਮ ਦੀ ਗੂੰਜ ਸਮੁੱਚੇ ਮਹਾਂਦੀਪ ਵਿੱਚ ਸੁਣਾਈ ਦੇ ਰਹੀ ਸੀ।

ਇਹ ਵੀ ਅਸਲੋਂ ਸਪੱਸ਼ਟ ਹੈ, ਕਿ ਇੱਕ ਪਾਸੇ ਤਾਂ ਅੰਗਰੇਜ਼ ਸਿੱਖਾਂ ਪਾਸੋਂ ਸਰਗਰਮ ਸੈਨਿਕ ਤੇ ਫ਼ੌਜੀ ਸਾਜ਼ ਸਾਮਾਨ ਪ੍ਰਾਪਤ ਕਰ ਰਹੇ ਸਨ ਤਾਂ ਜੋ ਆਪਣੀ ਮਿੱਟੀ ਵਿੱਚ ਮਿਲ ਚੁਕੀ ਸ਼ੁਹਰਤ ਨੂੰ ਬਹਾਲ ਕਰ ਸਕਣ ਤੇ ਦੂਜੇ ਪਾਸੇ ਅਫ਼ਗ਼ਾਨਿਸਤਾਨ ਵਿੱਚ ਉਨ੍ਹਾਂ ਨੂੰ ਬਚਾਉਣ ਵਾਲੇ ਸਿੱਖਾਂ ਦੀ ਸਲਤਨਤ ਨੂੰ ਹਥਿਆਉਣ ਤੇ ਕਾਬੂ ਕਰਨ ਲਈ ਉਹ ਸਾਜ਼ਸ਼ਾਂ ਤੇ ਵਿਦਰੋਹ ਦੀਆਂ ਵਿਉਂਤਾਂ ਗੁੰਦ ਰਹੇ ਸਨ। ਕਿੰਨਾ ਦੋਗਲਾ ਆਚਰਣ ਹੈ ਇਨ੍ਹਾਂ ਦਗੇਬਾਜ਼ ਅੰਗਰੇਜ਼ਾਂ ਦਾ।

ਇਸ ਸੰਬੰਧ ਵਿੱਚ ਕੁਝ ਅੰਗਰੇਜ਼ ਇਤਿਹਾਸਕਾਰਾਂ ਦੇ ਵਿਚਾਰ ਇਸ ਪ੍ਰਕਾਰ ਹਨ :

ੳ) ੧੧ ਅਪਰੈਲ, ੧੮੪੨ ਨੂੰ ਹੈਨਰੀ ਲਾਰੰਸ ਨੇ ਜੇ.ਸੀ. ਮਾਰਸਮੈਨ ਨੂੰ ਲਿਖਿਆ — "ਸਿੱਖਾਂ ਨੇ ਕੇਵਲ ੬ ਹਜ਼ਾਰ ਫੌਜ ਭੇਜਣੀ ਸੀ, ਪਰ ਉਨ੍ਹਾਂ ਦੀ ਫੌਜ ੧੫ ਹਜ਼ਾਰ ਤੋਂ ਘੱਟ ਨਹੀਂ ਸੀ।[੩]

ਅ) ਗਵਰਨਰ-ਜਨਰਲ ਐਲਨਬਰੋ ਨੇ ੨੧-੪-੧੮੪੨ ਨੂੰ ਬਨਾਰਸ ਤੋਂ ਮਲਕਾ ਵਿਕਟੋਰੀਆਂ ਨੂੰ ਲਿਖਿਦਿਆਂ ਕਿਹਾ — "ਸਿੱਖ ਫੌਜ ਨੇ ਭਾਰਤੀ (ਅੰਗਰੇਜ਼ੀ) ਫੌਜ ਨੂੰ ਅਲੀ ਮਸਜਿਦ ਨੂੰ ਜਾਂਦੇ ਦੂਜੇ ਦੱਰੇ ਰਾਹੀਂ ਸਹਿਯੋਗ ਦਿੱਤਾ; ਇਸ ਲਈ ਸਿੱਖ ਸਰਕਾਰ ਦੇ ਨੇਕ ਇਰਾਦਿਆਂ ਤੇ ਸ਼ੱਕ ਕਰਨ ਦਾ ਕੋਈ ਕਾਰਨ ਨਹੀਂ।"

ੲ) ੧੯ ਅਪਰੈਲ, ੧੮੪੨ ਦੇ ਸਰਕਾਰੀ ਨੋਟੀਫਿਕੇਸ਼ਨ ਵਿੱਚ ਗਵਰਨਰ-ਜਨਰਲ ਨੇ ਲਿਖਿਆ — "ਗਵਰਨਰ ਜਨਰਲ (ਉਸ ਨੂੰ ਪ੍ਰਾਪਤ ਸੂਚਨਾ

ਅਨੁਸਾਰ) ਮਹਾਰਾਜਾ ਸ਼ੇਰ ਸਿੰਘ ਦੀ ਫੌਜ ਨੂੰ ਉਹਨਾਂ ਦੇ ਵਤੀਰੇ ਲਈ ਆਪਣੀ ਪੂਰਨ ਸੰਤੁਸ਼ਟਤਾ ਦਾ ਪਾਤਰ ਸਮਝਦਾ ਹੈ ਅਤੇ ਫੌਜ ਨੂੰ ਸੂਚਨਾ ਦਿੰਦਾ ਹੈ, ਕਿ ਦੱਰੇ ਦੇ ਹਮਲੇ ਸਮੇਂ ਸਿੱਖਾਂ ਦਾ ਨੁਕਸਾਨ ਹਰ ਮੈਜਸਟੀ ਅਤੇ ਹਿੰਦ ਸਰਕਾਰ ਦੀਆਂ ਫੌਜਾਂ ਦੇ ਬਰਾਬਰ ਹੀ ਹੋਇਆ ਹੈ। ਗਵਰਨਰ-ਜਨਰਲ ਨੇ ਮਹਾਰਾਜੇ ਦੇ ਦਰਬਾਰ ਵਿੱਚ ਆਪਣੇ ਏਜੰਟ ਨੂੰ ਹਦਾਇਤ ਕੀਤੀ ਹੈ, ਕਿ ਉਹ ਸਿੱਖ ਫੌਜਾਂ ਨੂੰ ਇਸ ਸਨਮਾਨ ਭਰੇ ਮੌਕੇ ਤੇ ਉਸ ਵਲੋਂ ਵਧਾਈ ਪੇਸ਼ ਕਰੇ।

ਸ) ਜਨਰਲ ਪੋਲਕ ਨੇ ੧੪ ਸਤੰਬਰ ਦੇ ਪੱਤਰ ਵਿੱਚ ਲਿਖਿਆ — "ਕੈਪਟਨ ਲਾਰੰਸ ਦੀ ਯੋਗ ਕਮਾਨ ਅਧੀਨ ਲਾਹੌਰ ਦੀ ਫੌਜ ਨੇ ਬੜੀ ਖੁਸ਼ੀ ਨਾਲ ਸਹਾਇਤਾ ਦਿੱਤੀ; ਉਸ ਨੇ ਤੋਪਾਂ ਖਿੱਚ ਕੇ ਖੜੀਆਂ, ਉੱਚੀਆਂ ਚੋਟੀਆਂ ਤੇ ਕਬਜ਼ਾ ਕੀਤਾ ਅਤੇ ਫੌਜ ਦੇ ਪਿਛਲੇ ਦਸਤੇ ਦੀ ਰੱਖਿਆ ਕੀਤੀ। ਹਫਤ ਕੋਤਲ ਦੀ ਚੜ੍ਹਾਈ ਸਮੇਂ ਅਤੇ ਤੇਜ਼ੀਨ ਵਿਖੇ ਵੀ ਉਹਨਾਂ ਦੀਆਂ ਲੰਮੀਆਂ ਬੰਦੂਕਾਂ ਰਣਭੂਮੀ ਵਿੱਚ ਡਟੀਆਂ ਰਹੀਆਂ।"[੪]

ਹ) ਅਤੇ ਜਦੋਂ ਸਿੱਖ ਫੌਜ ਬੜੇ ਤੰਗ ਅਤੇ ਬਿਖੜੇ ਪਹਾੜੀ ਰਸਤੇ ਰਾਹੀਂ ੧੪ ਮੀਲ ਦਾ ਪੈਂਡਾ ਤੈਅ ਕਰਕੇ ੬-੪-੧੮੪੨ ਨੂੰ ਅੰਗਰੇਜ਼ੀ ਫੌਜ ਤੋਂ ਘੰਟਾ, ਦੋ ਘੰਟੇ ਮਗਰੋਂ, ਲਾਲਾ ਚੰਦ ਪਹੁੰਚੀ ਜਦੋਂ ਕਿ ਅੰਗਰੇਜ਼ੀ ਫੌਜ ਸਿਧੇ ਅਤੇ ਸੌਖੇ ਰਸਤੇ ਰਾਹੀਂ ਕੇਵਲ ੭ ਮੀਲ ਦਾ ਪੈਂਡਾ ਕਰਕੇ ਆਈ ਸੀ ਤਾਂ ਸਿੱਖਾਂ ਉਤੇ, ਰਾਜਨੀਤਕ ਕਾਰਨਾਂ ਕਰਕੇ, 'ਜਾਣ-ਬੁੱਝ ਕੇ ਪਿਛੇ ਰਹਿਣ', ਦਾ ਦੋਸ਼ ਲਾਇਆ ਗਿਆ। ਪਰ ਮੇਜਰ-ਜਨਰਲ ਸਰ ਹਰਬਰਟ ਐਡਵਰਡਜ਼ ਇਸ ਗੱਲ ਦਾ ਖੰਡਨ ਕਰਦਿਆਂ ਲਿਖਦੇ ਹਨ ਕਿ ਇਸ ਵਿੱਚ "ਜਾਣ ਬੁਝ ਕੇ ਪਿਛੇ ਰਹਿਣ ਵਾਲੀ ਬਿਲਕੁਲ ਝੂਠੀ ਗੱਲ ਸੀ। ਅਗਰੇਜ਼ੀ ਦਸਤੇ ਦੀ ਹਾਲਤ ਕੀ ਹੁੰਦੀ ਜੇਕਰ ਸਿੱਖ ਫੌਜ ਉਨ੍ਹਾਂ ਨੂੰ ਬਚਾਉਣ ਲਈ ਇਹ ਵਲਾ ਨਾ ਪਾਉਂਦੀ, ਅਤੇ ਜੇਕਰ ਦੁਸ਼ਮਣ ਦੀ ਭਾਰੀ ਫੌਜ ਦਾ ਧਿਆਨ ਆਪਣੇ ਵੱਲ ਨਾ ਖਿੱਚਦੀ ਤਾਂ ਫਿਰ ਸ਼ਾਇਦ ਇੱਕ ਹੋਰ ਕਤਲਾਮ ਅਤੇ ਘਲੂਘਾਰਾ ਹੁੰਦਾ।"

ਕ) ਅੰਗਰੇਜ਼ਾਂ ਪ੍ਰਤੀ ਦੋਸਤੀ ਅਤੇ ਸਹਾਇਤਾ ਬਾਰੇ ਕਨਿੰਘਮ ਲਿਖਦਾ ਹੈ — "ਲਾਰਡ ਐਲਨਬਰੋ (ਗਵਰਨਰ ਜਨਰਲ) ਵੀ ਸ਼ੇਰ ਸਿੰਘ ਨੂੰ ਮਿਲਣਾ ਚਾਹੁੰਦਾ ਸੀ। ਉਸ ਸਮੇਂ ਸ਼ੁਕਰਾਨੇ ਦਾ ਮਾਹੌਲ ਬਣਿਆ ਹੋਇਆ ਸੀ ਅਤੇ

ਇਸ ਨੇ ਜਿਤ ਨੂੰ ਹੋਰ ਵੀ ਸ਼ੋਭਨੀਕ ਬਣਾ ਦਿੱਤਾ ਸੀ; ਇਸ ਲਈ ਮਹਾਰਾਜੇ ਦਾ ਧੰਨਵਾਦ ਨਿਜੀ ਰੂਪ ਵਿੱਚ ਕਰਨ ਦੀ ਤਜਵੀਜ਼ ਬਣਾਈ ਗਈ, ਕਿਉਂ ਜੁ ਮਹਾਰਾਜੇ ਨੇ ਇਸ ਸਹਾਇਤਾ ਰਾਹੀਂ ਆਪਣੀ ਲਗਾਤਾਰ ਦੋਸਤੀ ਦਾ ਸਬੂਤ ਦਿੱਤਾ ਸੀ।"[੫]

ਉਪਰੋਕਤ ਕਥਨਾਂ ਤੋਂ ਸਿੱਖ ਫ਼ੌਜਾਂ ਦਾ ਕਰਤੱਵ ਸਪੱਸ਼ਟ ਹੋ ਜਾਂਦਾ ਹੈ, ਜੋ ਉਨ੍ਹਾਂ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਤਿੰਨ ਸਾਲ ਮਗਰੋਂ ੧੮੪੨ ਵਿੱਚ ਅਫ਼ਗਾਨਾਂ ਤੋਂ ਬਦਲਾ ਲੈਣ ਲਈ ਭੇਜੀ, ਦੂਜੀ ਮੁਹਿੰਮ ਸਮੇਂ ਆਪਣੇ ਸਹਿਯੋਗ ਨਾਲ ਵਿਖਾਇਆ। ਤਾਂ ਫਿਰ ਇਹ ਕਿਸ ਤਰ੍ਹਾਂ ਕਿਹਾ ਜਾ ਸਕਦਾ ਹੈ, ਕਿ ਸਿੱਖਾਂ ਨੇ ਅਫ਼ਗਾਨਿਸਤਾਨ ਦੇ ੧੮੪੧ ਦੇ ਕਤਲਾਮ ਦੀ ਖ਼ਬਰ ਤੋਂ ਸ਼ਹਿ ਪਾ ਕੇ ਅਤੇ ਆਪਣੇ ਮਹਾਨ ਨੇਤਾ ਰਣਜੀਤ ਸਿੰਘ ਦੀ ਮੌਤ ਪਿਛੋਂ ਈਸਟ ਇੰਡੀਆ ਕੰਪਨੀ ਦੇ ਇਲਾਕੇ ਉਤੇ ਹਮਲਾ ਕਰਨ ਦਾ ਫੈਸਲਾ ਕੀਤਾ ਸੀ ?

ਸਗੋਂ, ਇਸ ਦੇ ਉਲਟ, ਸਿੱਧ ਤਾਂ ਇਹ ਹੁੰਦਾ ਹੈ ਕਿ ਪੰਜਾਬ ਉਤੇ ਕਬਜ਼ਾ ਕਰਨ ਦੀਆਂ ਵਿਉਂਤਾਂ ਚਿਰ ਤੋਂ ਅੰਗਰੇਜ਼ਾਂ ਦੇ ਮਨ ਵਿੱਚ ਸਨ। ਮਾਰਚ ੧੮੩੭ ਵਿੱਚ ਬ੍ਰਿਟਿਸ਼ ਕਮਾਂਡਰ-ਇਨ-ਚੀਫ਼ ਸਰ ਹੈਨਰੀ ਫੇਨ ਕੰਵਰ ਨੌਨਿਹਾਲ ਸਿੰਘ ਦੀ ਸ਼ਾਦੀ ਦੇ ਮੌਕੇ ਲਾਹੌਰ ਆਇਆ। ਉਸ ਬਾਰੇ ਪ੍ਰਸਿੱਧ ਇਤਿਹਾਸਕਾਰ ਕੈਪਟਨ ਜੇ. ਡੀ. ਕਨਿੰਘਮ, ਜੋ ੧੮੩੮ ਤੋਂ ੧੮੪੬ ਤੱਕ ਕਈ ਮਹੱਤਵਪੂਰਨ ਸਿਆਸੀ ਅਹੁਦਿਆਂ ਉਤੇ ਕੰਮ ਕਰ ਚੁੱਕਾ ਸੀ, ਤੇ ਜਿਸ ਦਾ ਪੰਜਾਬ ਦੇ ਮਾਮਲਿਆਂ ਨਾਲ ਬਹੁਤ ਨੇੜੇ ਦਾ ਸੰਬੰਧ ਰਿਹਾ ਸੀ ਅਤੇ ਜਿਸ ਨੂੰ "ਹਿਸਟਰੀ ਆਫ਼ ਦੀ ਸਿਖਸ" ਲਿਖਣ ਕਾਰਨ ਆਪਣਾ ਬਲੀਦਾਨ ਦੇਣਾ ਪਿਆ ਸੀ, ਇਸ ਤਰ੍ਹਾਂ ਲਿਖਦਾ ਹੈ :

"ਸੂਝਵਾਨ ਤੇ ਸਿਆਣਾ ਕਮਾਂਡਰ ਸਰ ਹੈਨਰੀ ਫੇਨ, ਫੌਜੀ ਸਾਧਨਾਂ ਅਤੇ ਗੁਣਾਂ ਦਾ ਬਹੁਤ ਵੱਡਾ ਪਾਰਖੂ ਸੀ। ਉਸ ਨੇ ਉਸ ਫ਼ੌਜੀ ਤਾਕਤ ਦਾ ਅੰਦਾਜ਼ਾ ਲਗਾ ਲਿਆ ਸੀ, ਜੋ ਪੰਜਾਬ ਨੂੰ ਪੂਰਨ ਤੌਰ ਤੇ ਅਧੀਨ ਕਰਨ ਲਈ ਅਤਿ ਲੋੜੀਂਦੀ ਸੀ।"[੬]

ਕਨਿੰਘਮ ਅੱਗੇ ਚਲ ਕੇ ਲਿਖਦਾ ਹੈ :

"ਲਾਹੌਰ ਦੀ ਇਸ ਯਾਤਰਾ ਦਾ ਸ਼ਾਇਦ ਮੁੱਖ ਲਾਭ ਇਹ ਹੋਇਆ, ਕਿ ਬੰਗਾਲ ਦੇ ਅਣਥਕ ਕੁਆਟਰ ਮਾਸਟਰ ਜਨਰਲ ਲੈਫਟੀਨੈਂਟ ਕਰਨਲ ਗਾਰਡਨ ਨੂੰ ਦੇਸ਼ ਦੇ ਇਸ ਹਿੱਸੇ ਦਾ ਵਿਸਥਾਰ ਪੂਰਬਕ

ਨਕਸ਼ਾ ਤਿਆਰ ਕਰਨ ਦਾ ਮੌਕਾ ਮਿਲ ਗਿਆ, ਜੋ ਸਿੱਖਾਂ ਨਾਲ ਅਖੀਰ ਲੜਾਈ ਛਿੜਨ ਸਮੇਂ ਵਰਤੇ ਗਏ ਸਾਰੇ ਨਕਸ਼ਿਆਂ ਦਾ ਮੂਲ ਅਧਾਰ ਬਣਿਆ ।"[੭]

ਸ੍ਰੀਮਤੀ ਹੈਨਰੀ ਲਾਰੰਸ ਨੇ ੨੬-੫-੧੮੪੧ ਨੂੰ ਸੁਭਾਠੂ ਤੋਂ ਸ੍ਰੀਮਤੀ ਕੈਮਰਾਂਨ ਨੂੰ ਲਿਖਿਆ ਕਿ :

"ਜੰਗ ਅਤੇ ਉਸ ਦੀਆਂ ਅਫ਼ਵਾਹਾਂ ਹਰ ਪਾਸੇ ਫੈਲੀਆਂ ਹੋਈਆਂ ਹਨ ਅਤੇ ਇਸ ਵਿੱਚ ਕੋਈ ਸੰਦੇਹ ਨਹੀਂ ਜਾਪਦਾ, ਕਿ ਅਗਲੀਆਂ ਸਰਦੀਆਂ ਵਿੱਚ ਪੰਜਾਬ ਉਤੇ ਕਬਜ਼ਾ ਕਰਨ ਦੇ ਚਿਰ ਤੋਂ ਲਮਕਦੇ ਆ ਰਹੇ ਪ੍ਰਸ਼ਨ ਦਾ ਫ਼ੈਸਲਾ ਹੋ ਹੀ ਜਾਵੇਗਾ । ਹੈਨਰੀ ਨੂੰ ਸਿਵਲ ਅਤੇ ਮਿਲਟਰੀ ਹੈਸੀਅਤ ਵਿੱਚ ਵਾਪਰਨ ਵਾਲੀ ਹਰ ਘਟਨਾ ਵਿੱਚ ਭਾਗ ਲੈਣ ਲਈ ਅਵੱਸ਼ ਬੁਲਾਇਆ ਜਾਵੇਗਾ ।"

ਅਤੇ ਫਿਰ ੫ ਜੂਨ ਨੂੰ ਸ੍ਰੀਮਤੀ ਲਾਰੰਸ ਨੇ ਲਿਖਿਆ :

"ਭਾਵੇਂ ਹਾਲੇ ਕਿ ਕਿਸੇ ਫ਼ੈਸਲੇ ਦਾ ਐਲਾਨ ਨਹੀਂ ਹੋਇਆ, ਪਰ ਹੈਨਰੀ ਦਾ ਅਨੁਮਾਨ ਹੈ, ਕਿ ਪੰਜਾਬ ਲਈ ਫੌਜ ਤਿੰਨ ਦਸਤਿਆਂ ਵਿੱਚ ਵੰਡੀ ਜਾਵੇਗੀ । ਮੁੱਖ ਦਸਤੇ ਨਾਲ ਸਾਡਾ ਚੀਫ਼ ਸ੍ਰੀ ਕਲਾਰਕ ਹੋਵੇਗਾ ਅਤੇ ਦੂਜੇ ਦੋ ਦਸਤਿਆਂ ਨਾਲ ਹੈਨਰੀ ਅਤੇ ਸ੍ਰੀ ਕਨਿੰਘਮ (ਇਸ ਵੇਲੇ ਜੋ ਫਿਰੋਜ਼ਪੁਰ ਵਿੱਚ ਇੰਜੀਨੀਅਰਾਂ ਦਾ ਅਫ਼ਸਰ ਹੈ) ਹੋਣਗੇ ।"[੮]

ਜਾਨ ਲੁਡਲੋ ਲਿਖਦਾ ਹੈ :

"ਸਤਲੁਜ ਦੇ ਅੰਗਰੇਜ਼ ਏਜੰਟ ਨੇ ਅਮਨ ਅਮਾਨ ਬਹਾਲ ਕਰਨ ਲਈ ੧੨ ਹਜ਼ਾਰ ਫੌਜ ਨਾਲ ਲਾਹੌਰ ਉਤੇ ਚੜ੍ਹਾਈ ਕਰਨ ਦੀ ਤਜਵੀਜ਼ ਪੇਸ਼ ਕੀਤੀ ਸੀ । ਕਲਕੱਤੇ ਦੇ ਅਖ਼ਬਾਰ ਪੰਜਾਬ ਨੂੰ ਜਿੱਤਣ ਦੀਆਂ ਵਿਉਂਤਾਂ ਨਾਲ ਭਰੇ ਹੋਏ ਸਨ ।"[੯]

ਗਵਰਨਰ ਜਨਰਲ ਦੇ ਪਦ ਪੁਰ ਨਿਯੁਕਤ ਹੋਣ ਤੋਂ ਕੁਝ ਦਿਨਾਂ ਦੇ ਵਿੱਚ-ਵਿੱਚ ਹੀ ਲਾਰਡ ਐਲਨਬਰੋ ਨੇ ੧੫ ਅਕਤੂਬਰ ੧੮੪੧ ਨੂੰ ਡਿਊਕ ਆਫ਼ ਵੈਲਿੰਗਟਨ ਨੂੰ ਲਿਖਿਆ :

"ਮੈਂ ਲਾਰਡ ਫਿਟਜ਼ਰਾਇ ਨੂੰ ਬੇਨਤੀ ਕੀਤੀ ਹੈ ਕਿ ਉਹ ਪੰਜਾਬ ਬਾਰੇ ਸਾਰੀ ਜਾਣਕਾਰੀ ਇਕੱਤ੍ਰ ਕਰਨ ਅਤੇ ਆਪ ਜੀ ਦੇ ਵਿਚਾਰ ਹਿਤ ਇਸ ਸੰਬੰਧੀ ਇੱਕ ਮੈਮੋਰੰਡਮ ਤਿਆਰ ਕਰਨ। ਮੈਂ ਇਸ ਗੱਲ ਬਾਰੇ ਆਪ ਦੀ ਰਾਏ ਜਾਣਨ ਲਈ ਉਤਾਵਲਾ ਹਾਂ ਕਿ ਇਸ ਦੇਸ਼ ਵਿਰੁੱਧ ਮੁਹਿੰਮ ਭੇਜਣ ਲਈ ਲਈ ਕਿਨ੍ਹਾਂ ਆਮ ਅਸੂਲਾਂ ਨੂੰ ਆਧਾਰ ਬਣਾਇਆ ਜਾਵੇ।"

ਚਾਰ ਦਿਨਾਂ ਪਿਛੋਂ ਉਸ ਨੇ ਫਿਰ ਡਿਊਕ ਨੂੰ ਲਿਖਿਆ :

"ਇਸ ਸਮੇਂ ਲਗਭਗ ੧੨ ਹਜ਼ਾਰ ਫੌਜ ਫਿਰੋਜ਼ਪੁਰ ਦੇ ਨੇੜੇ ਸਿੱਖਾਂ ਉਤੇ ਨਿਗ੍ਹਾ ਰੱਖਣ ਲਈ ਅਤੇ ਲੋੜ ਪੈਣ ਪੁਰ ਯੋਗ ਕਾਰਵਾਈ ਕਰਨ ਲਈ ਤਿਆਰ ਬੈਠੀ ਹੈ। ਇਸ ਲਈ ਮੈਂ ਚਾਹੁੰਦਾ ਹਾਂ ਕਿ ਤੁਸੀਂ ਪ੍ਰਾਪਤ ਅਧੂਰੀ ਭੂਗੋਲਿਕ ਜਾਣਕਾਰੀ ਦੇ ਅਧਾਰ ਉਤੇ ਪੰਜਾਬ ਉਤੇ ਹਮਲਾ ਕਰਨ ਦੇ ਸਰਵ ਸ੍ਰੇਸ਼ਟ ਢੰਗ ਬਾਰੇ ਆਪਣੀ ਰਾਏ ਭੇਜੋ।"

ਡਿਊਕ ਨੇ 'ਰਾਣੀ-ਕੇ-ਪੁਲ' ਦੀ ਅਗਲੇਰੀ ਚੌਕੀ ਦਾ ਹਵਾਲਾ ਦਿੰਦਿਆਂ ੨ ਅਪਰੈਲ ੧੮੪੨ ਨੂੰ ਲਿਖਿਆ :

"ਇਸ ਥਾਂ ਦੀ ਸਥਿਤੀ ਅਸਲੋਂ ਚੰਗੇਰੀ ਰਹੇਗੀ। ਇਥੋਂ ਤੁਸੀਂ ਬੜੀ ਆਸਾਨੀ ਨਾਲ ਮਾਰ ਕਰ ਸਕਦੇ ਹੋ। ਮੈਂ ਤੁਹਾਨੂੰ ਫੌਜ ਦੇ ਸਾਜ਼ ਸਾਮਾਨ ਵਿੱਚ ਪੁੱਲ ਬਣਾਉਣ ਵਾਲੀਆਂ ਬੇੜੀਆਂ ਵਿੱਚ ਵਾਧਾ ਕਰਨ ਦੀ ਸਿਫ਼ਾਰਸ ਕਰਾਂਗਾ। ਹੋ ਸਕਦਾ ਹੈ, ਕਿ ਫੌਰੀ ਹੁਕਮ ਅਧੀਨ ਬਚਾਓ ਹਿਤ ਦਰਿਆ ਨੂੰ ਪਾਰ ਕਰਨਾ ਪੈ ਜਾਵੇ; ਉਸ ਵੇਲੇ ਪੁੱਲ ਬਣਾਉਣ ਲਈ ਬੇੜੀਆਂ ਇਕੱਠੀਆਂ ਕਰਨ ਵਿੱਚ ਦੇਰੀ ਨਹੀਂ ਹੋਵੇਗੀ।"

ਜਦੋਂ ਸਿੱਖ ਦੂਜੀ ਅਫ਼ਗ਼ਾਨਿਸਤਾਨ ਮੁਹਿੰਮ ਸਮੇਂ ਅੰਗਰੇਜ਼ਾਂ ਲਈ ਬਿਖੜੇ ਖ਼ੈਬਰ ਦੱਰੇ ਨੂੰ ਜ਼ਬਰਦਸਤੀ ਖੋਲ੍ਹਣ ਵਿੱਚ ਰੁਝੇ ਹੋਏ ਸਨ, ਡਿਊਕ ਆਫ਼ ਵਿਲਿਗਟਨ ਨੇ ਲਾਰਡ ਫਿਟਜ਼ਗ੍ਰੀਰਲਡ ਨੂੰ ੬ ਅਪਰੈਲ ੧੮੪੨ ਨੂੰ ਇਸ ਪ੍ਰਕਾਰ ਲਿਖਿਆ :

"ਸਿੱਖ ਸਰਕਾਰ ਦੇ ਸ਼ਲਾਘਾ ਭਰੇ ਸਮਾਚਾਰ ਨੂੰ ਵੇਖ ਕੇ ਮੈਨੂੰ ਪ੍ਰਸੰਨਤਾ ਹੋਈ ਹੈ। ਪੰਜਾਬ ਵਿੱਚ ਇਸ ਸਰਕਾਰ ਦੀ ਹੋਂਦ ਨੂੰ ਕਾਇਮ ਰੱਖਣਾ ਬਹੁਤ ਉਚਿਤ ਹੋਵੇਗਾ। ਪਰ ਇਤਨੀ ਗੱਲ ਮੈਂ ਜ਼ਰੂਰ ਕਹਾਂਗਾ, ਕਿ

ਜੇ ਅਸਾਂ ਅਫ਼ਗਾਨਿਸਤਾਨ ਵਿੱਚ ਆਪਣੀ ਸਥਿਤੀ ਨੂੰ ਬਰਕਰਾਰ ਰੱਖਣਾ ਹੈ, ਤਾਂ ਪਿਸ਼ਾਵਰ, ਦੱਰਾ ਖ਼ੈਬਰ, ਜਲਾਲਾਬਾਦ ਅਤੇ ਇਸ ਚੌਕੀ ਤੇ ਕਾਬੁਲ ਵਿਚਕਾਰਲੇ ਸਾਰੇ ਦੱਰੇ ਸਾਡੇ ਅਧੀਨ ਹੋਣੇ ਜ਼ਰੂਰੀ ਹਨ।"

ਇਸ ਪੁਰ ਗਵਰਨਰ ਜਨਰਲ ਨੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਅਤੇ ੭ ਜੂਨ ੧੮੪੨ ਨੂੰ ਡਿਊਕ ਨੂੰ ਸੂਚਨਾ ਦਿੱਤੀ :

"ਕਮਾਂਡਰ-ਇਨ-ਚੀਫ਼ ਨਾਲ ਗੱਲਬਾਤ ਕਰਨ ਉਪਰੰਤ ਮੈਂ ਸਰਹੰਦ ਡਵੀਜ਼ਨ (ਅਰਥਾਤ ਕਰਨਾਲ ਜਾਂ ਫਿਰੋਜ਼ਪੁਰ) ਵਿਖੇ ਨਵੰਬਰ ਵਿੱਚ ਰੀਜ਼ਰਵ ਫ਼ੌਜ ਦੀਆਂ ੧੨ ਰੈਜਮੈਂਟਾਂ ਹੋਣਗੀਆਂ, ਜਿਨ੍ਹਾਂ ਵਿਚੋਂ ੪ ਯੂਰਪੀਨ ਹੋਣਗੀਆਂ, ਜਾਂ ਬਾਕਾਇਦਾ ਰਸਾਲੇ ਦੀਆਂ ੫ ਰੈਜਮੈਂਟਾਂ (ਸਮੇਤ ੧੬ ਲਾਨਸਰਜ਼ ਦੇ) ਅਤੇ ਬੇ-ਕਾਇਦਾ ਰਸਾਲੇ ਦੀਆਂ ੨ ਰੈਜਮੈਂਟਾਂ ਹੋਣਗੀਆਂ। ਘੋੜਸਵਾਰ ਤੋਪਖਾਨੇ ਦੇ ੪ ਟਰੁਪ ਅਤੇ ਪੈਦਲ ਤੋਪਖਾਨੇ ਦੀਆਂ ਤਿੰਨ ਬੈਟਰੀਆਂ ਹੋਣਗੀਆਂ। ਕੁਲ ਫ਼ੌਜ ਦੀ ਗਿਣਤੀ ੧੫,੦੦੦ ਹੋਵੇਗੀ।"

੧੮੪੨ ਵਿੱਚ ਅਫ਼ਗਾਨਿਸਤਾਨ ਦੀ ਦੂਜੀ ਮੁਹਿੰਮ ਸਮੇਂ ਜਿਸ ਵਿੱਚ ਸਿੱਖ ਵੀ ਸ਼ਰੀਕ ਸਨ, ਲਾਰਡ ਐਲਨਬਰੋ ਨੇ ਸਿੱਖਾਂ ਨੂੰ ਜਲਾਲਾਬਾਦ ਉਤੇ ਕਬਜ਼ਾ ਕਰ ਲੈਣ ਦੀ ਸ਼ਹਿ ਇਸ ਇਰਾਦੇ ਨਾਲ ਦਿਤੀ ਸੀ, ਕਿ ਉਹ ਪੂਰਬ ਵਿੱਚ ਅੰਗਰੇਜ਼ਾਂ ਅਤੇ ਦੱਖਣ ਵਿੱਚ ਅਫ਼ਗਾਨਾਂ ਵਿਚਕਾਰ ਔਖੀ ਸਥਿਤੀ ਵਿੱਚ ਘਿਰ ਜਾਣ। ਉਸ ਨੇ ਲਿਖਿਆ ਹੈ :

"ਅਸੀਂ ਅਫ਼ਗਾਨਾਂ ਦੇ ਕੱਟੜ ਵੈਰੀਆਂ (ਸਿੱਖਾਂ) ਨੂੰ ਆਪਣੇ ਅਤੇ ਅਫ਼ਗਾਨਾਂ ਵਿਚਕਾਰ ਖੜਾ ਕਰ ਦੇਵਾਂਗੇ ਅਤੇ ਇਸ ਤਰ੍ਹਾਂ ਅਫ਼ਗਾਨਾਂ ਦੇ ਦੁਸ਼ਮਣ ਸਿੱਖਾਂ ਨੂੰ ਆਹਰੇ ਲਾਈ ਰੱਖਾਂਗੇ, ਕਿਉਂਕਿ ਉਹ ਅਫ਼ਗਾਨਾ ਤੋਂ ਬਚਣ ਲਈ ਹਮੇਸ਼ਾਂ ਉਨ੍ਹਾਂ ਨਾਲ ਲੜਦੇ-ਭਿੜਦੇ ਰਹਿਣਗੇ। ਇਸ ਤਰ੍ਹਾਂ ਉਹ ਸਤਲੁਜ ਉਤੇ ਸਾਡੀ ਸਥਿਤੀ ਤਕੜੀ ਹੋਣ ਕਰਕੇ ਬਿਲਕੁਲ ਸਾਡੇ ਅਧੀਨ ਰਹਿਣਗੇ ਕਿਉਂ ਜੁ ਅੰਮ੍ਰਿਤਸਰ ਤੇ ਲਾਹੌਰ ਸਾਡੀ ਮਾਰ ਵਿੱਚ ਹੋਣਗੇ। ਉਨ੍ਹਾਂ ਨੂੰ ਆਪਣੀ ਬਹੁਤੀ ਫ਼ੌਜ ਉਸ ਇਲਾਕੇ ਵਿੱਚ ਰੱਖਣੀ ਪਵੇਗੀ ਅਤੇ ਲਾਹੌਰ ਤੇ ਅੰਮ੍ਰਿਤਸਰ ਵਿਖੇ

ਨਾ-ਕਾਫੀ ਫ਼ੌਜ ਰਹਿ ਜਾਵੇਗੀ। ਨਾਲੇ, ਇਹ ਥਾਂ ਸਤਲੁਜ ਤੋਂ ਬਹੁਤ ਥੋੜ੍ਹੀ ਵਿਥ ਤੇ ਹੋਵੇਗੀ। ਸਤਲੁਜ ਉਤੇ ਤਾਂ ਮੈਂ ਕਿਸੇ ਵੀ ਸਮੇਂ ੧੨ ਦਿਨਾਂ ਦੇ ਅੰਦਰ-ਅੰਦਰ ਤਿੰਨ ਯੂਰਪੀ ਅਤੇ ੧੧ ਦੇਸੀ ਬਟਾਲੀਅਨਾਂ, ਰਸਾਲੇ ਦੀ ਇੱਕ ਯੂਰਪੀਨ ਅਤੇ ਦੋ ਦੇਸੀ ਰੈਜਮੈਂਟਾਂ ਅਤੇ ਦੋ ਬੇ-ਕਾਇਦਾ ਰਸਾਲਾ ਰੈਜਮੈਂਟਾਂ ਅਤੇ ੨੪ ਤੋਪਾਂ ਇਕੱਤਰ ਕਰ ਦਿਆਂਗਾ। ਪੰਜਾਬ ਤਾਂ ਇੱਕ ਤਰ੍ਹਾਂ ਮੇਰੇ ਪੈਰਾਂ ਹੇਠ ਹੀ ਹੈ।"

ਕਨਿੰਘਮ ਅਨੁਮਾਰ :

"ਭਾਰਤ ਦੇ ਅੰਗਰੇਜ਼ਾਂ ਵਿੱਚ ਇਹ ਵਿਚਾਰ ਆਮ ਸੀ, ਕਿ ਮੇਜਰ ਬਰੋਡਫੁਟ ਨੂੰ ਏਜੰਟ ਨਿਯੁਕਤ ਕਰਨ ਕਰਕੇ ਸਿੱਖਾਂ ਨਾਲ ਜੰਗ ਦੀ ਸੰਭਾਵਨਾ ਵਧੀ ਹੀ ਹੈ। ਉਨ੍ਹਾਂ ਦਾ ਖਿਆਲ ਸੀ, ਕਿ ਜੇ ਸ੍ਰੀ ਕਲਾਰਕ ਹੀ ਏਜੰਟ ਟਿਕਿਆ ਰਹਿੰਦਾ, ਤਾਂ ਜੰਗ ਹੋਣੀ ਹੀ ਨਹੀਂ ਸੀ।"

ਜਾਰਜ ਕੈਬਲ ਲਿਖਦਾ ਹੈ :

"ਅਨੇਕਾਂ ਲਿਖਤਾਂ ਇਸ ਗੱਲ ਤੇ ਸਹਿਮਤ ਹਨ, ਕਿ ਜੰਗ ਤੋਂ ਫ਼ੌਰਨ ਪਹਿਲਾਂ ਜਦੋਂ ਕਿ ਹਾਲਾਤ ਅਤਿ ਗੰਭੀਰ ਹੋ ਰਹੇ ਸਨ ਅਤੇ ਸਿੱਖ ਫੌਜ ਨੇ ਰਾਜ-ਭਾਗ ਆਪਣੇ ਹੱਥ ਵਿੱਚ ਲੈ ਲਿਆ ਸੀ, ਉਨ੍ਹਾਂ ਨੇ ਲਾਹੌਰ ਵਿੱਚ ਉਸ ਸਮੇਂ ਪੂਰਨ ਸ਼ੁੱਧ ਪ੍ਰਬੰਧ ਕਾਇਮ ਰਖਿਆ, ਜੋ ਫੌਜੀ ਲੋਕ ਰਾਜ ਦੇ ਸੁੱਚੇ ਸ਼ਾਸਨ ਦਾ ਪ੍ਰਤੀਕ ਸੀ। ਇਹ ਫ਼ੌਜੀ ਲੋਕ-ਰਾਜ ਪੰਚਾਂ ਦੇ ਅਧੀਨ ਸੀ। ਮੇਰਾ ਖਿਆਲ ਹੈ ਕਿ ਫੌਜੀ ਟਾਕਰੇ ਨੂੰ ਬ੍ਰਿਟਿਸ਼ ਫਰੰਟੀਅਰ ਏਜੰਟ ਮੇਜਰ ਬਰੋਡਫੁਟ ਦੀ ਬੇਸਮਝੀ ਨੇ ਵਕਤ ਤੋਂ ਪਹਿਲਾਂ ਛੇੜ ਦਿੱਤਾ ਹੈ। ਉਸ ਦੀਆਂ ਕੁਝ ਕਾਰਵਾਈਆਂ ਦਾ ਮੈਨੂੰ ਪਤਾ ਸੀ, ਜਿਨ੍ਹਾਂ ਨੂੰ ਜਾਇਜ਼ ਸਿੱਧ ਕਰਨਾ ਬਹੁਤ ਕਠਨ ਹੈ। ਪਰ ਉਸ ਨੂੰ ਇਸਦੀ ਕੀਮਤ ਆਪਣੀ ਜਾਨ ਗਵਾ ਕੇ ਦੇਣੀ ਪਈ, ਜੋ ਪਿਛੋਂ ਵਾਪਰਨ ਵਾਲੀਆਂ ਘਟਨਾਵਾਂ ਦਾ ਪਰਿਣਾਮ ਸੀ। ਉਸ ਦੇ ਖ਼ਿਆਲ ਵਿੱਚ ਬਰੋਡਫੁਟ ਨੇ ਆਪਣੀ ਮੌਤ ਆਪ ਹੀ ਵਿਹਾਜੀ ਸੀ।"

ਕਨਿੰਘਮ ਫਿਰ ਕਹਿੰਦਾ ਹੈ :

"ਕਿ ਜੇਕਰ ਫੌਜ ਦੀਆਂ ਸੂਝਵਾਨ ਕਮੇਟੀਆਂ ਅੰਗਰੇਜ਼ਾਂ ਵਲੋਂ ਕੀਤੀਆਂ ਜਾ ਰਹੀਆਂ ਫੌਜੀ ਤਿਆਰੀਆਂ ਨਾ ਦੇਖਦੀਆਂ ਤਾਂ ਸਿੱਖ ਲਾਲ ਸਿੰਘ

ਅਤੇ ਤੇਜ ਸਿੰਘ ਜੇਹੇ ਮੱਕਾਰ ਤੇ ਭਾੜੇ-ਦੇ-ਟੱਟੂਆਂ ਦੀਆਂ ਮਕਰ-ਫ਼ਰੇਬ ਦੀਆਂ ਗੱਲਾਂ ਵਿੱਚ ਨਾ ਆਉਂਦੇ ਤੇ ਨਾ ਹੀ ਅਜੇਹੀ ਉਕਸਾਹਟ ਵਿੱਚ ਆਉਂਦੇ, ਜਿਸ ਕਰ ਕੇ ਉਨ੍ਹਾਂ ਨੇ ਸਤਲੁਜ ਦਾ ਰੁੱਖ ਕਰ ਲਿਆ; ਇਹ ਭਾਵੇਂ ਮੇਜਰ ਬਰੌਡਫੁਟ ਦੀਆਂ ਹਦਾਇਤਾਂ ਅਨੁਸਾਰ ਨਾ ਵੀ ਹੋਵੇ, ਪਰ ਉਸ ਦੇ ਇਲਮ ਵਿੱਚ ਜ਼ਰੂਰ ਸੀ।"

ਫਿਰੋਜ਼ਪੁਰ ਦੇ ਪੋਲੀਟੀਕਲ ਅਸਿਸਟੈਂਟ, ਕੈਪਟਨ ਪੀਟਰ ਨਿਕਲਸਨ ਦੇ ਉਸ ਪੱਤਰ ਤੋਂ ਇਸ ਗੱਲ ਦੀ ਕਾਫ਼ੀ ਪੁਸ਼ਟੀ ਹੁੰਦੀ ਹੈ, ਜੋ ਉਸ ਨੇ ਆਪਣੇ ਮੁੱਖੀ ਮੇਜਰ ਬਰੌਡਫੁਟ ਨੂੰ ੨੩ ਨਵੰਬਰ ੧੮੪੫ ਨੂੰ ਲਿਖਿਆ। ਉਸ ਪੱਤਰ ਦੇ ਇਹ ਸ਼ਬਦ ਹਨ :

"ਇਹ ਜਾਣਦੇ ਹੋਏ ਕਿ ਲਾਹੌਰ ਦਰਬਾਰ ਅਤੇ ਸਾਡੀ ਸਰਕਾਰ ਵਿਚਕਾਰ ਪਰਸਪਰ ਦੋਸਤਾਨਾ ਸੰਬੰਧ ਕਾਇਮ ਸਨ, ਕਮ-ਅਜ਼-ਕਮ ਮੈਨੂੰ ਤਾਂ ਇਸ ਤੋਂ ਉਲਟ ਹੋਰ ਕਦੀ ਸੂਚਨਾ ਨਹੀਂ ਦਿੱਤੀ ਗਈ ਅਤੇ ਇਸ ਸੰਬੰਧ ਦੇ ਹੁੰਦਿਆਂ ਹੋਇਆਂ ਵੀ ਇਹ ਮਾਲੂਮ ਕਰ ਕੇ ਕਿ ਦਰਬਾਰ ਦਾ ਮੁੱਖੀ (ਪ੍ਰਧਾਨ ਮੰਤਰੀ ਲਾਲ ਸਿੰਘ) ਆਪਣੇ ਸਾਥੀਆਂ ਦੇ ਵਿਰੁੱਧ ਫੌਜ ਭੇਜਣ ਤੇ ਰਜ਼ਾਮੰਦ ਹੋ ਗਿਆ ਹੈ ਅਤੇ ਇਹ ਜਾਣ ਕੇ ਕਿ ਉਹ ਵਿਅਕਤੀ (ਤੇਜ ਸਿੰਘ ਅਤੇ ਗੁਲਾਬ ਸਿੰਘ) ਜਿਹੜੇ ਸਾਡੇ ਮਿੱਤਰ ਸਮਝੇ ਜਾਂਦੇ ਹਨ, ਇਸ ਹਮਲੇ ਨੂੰ ਕਰਵਾਉਣ ਵਿੱਚ ਸਭ ਤੋਂ ਅੱਗੇ ਹਨ, ਨਿਰਸੰਦੇਹ ਇਹ ਸ਼ੱਕ ਪੈਦਾ ਹੁੰਦਾ ਹੈ, ਕਿ ਦਰਬਾਰ ਸਾਡੇ ਵਿਰੁੱਧ ਤੁਹਾਡੀ ਸੰਮਤੀ ਨਾਲ ਚੜ੍ਹਾਈ ਕਰ ਰਿਹਾ ਹੈ।"

ਇਸ ਤਰ੍ਹਾਂ ਇਹ ਸਪੱਸ਼ਟ ਹੋ ਜਾਂਦਾ ਹੈ, ਕਿ ਅੰਗਰੇਜ਼ਾਂ ਨੇ ਰਣਜੀਤ ਸਿੰਘ ਦੇ ਸਮੇਂ ਹੀ ਪੰਜਾਬ ਨੂੰ ਆਪਣੇ ਅਧੀਨ ਕਰਨ ਦੀ ਵਿਉਂਤ ਬਣਾ ਲਈ ਸੀ, ਜਿਨ੍ਹਾਂ ਨੇ ਉਸ ਦੀ ਮੌਤ ਪਿਛੋਂ ਸਾਜ਼ਸ਼ਾਂ ਦੁਆਰਾ ਪੰਜਾਬ ਵਿੱਚ ਸੰਕਟ ਪੈਦਾ ਕੀਤਾ ਅਤੇ ਪੰਜਾਬ ਉਤੇ ਕਬਜ਼ਾ ਕਰਨ ਦੀਆਂ ਇਹ ਵਿਉਂਤਾਂ ਬਹਾਦਰੀ ਅਤੇ ਫੌਜੀ ਬਲ ਨਾਲੋਂ ਦਗ਼ੇ ਅਤੇ ਸਾਜ਼ਿਸ਼ ਉਤੇ ਕਿਤੇ ਵਧੇਰੇ ਅਧਾਰਤ ਸਨ। ਰਾਜਾ ਗੁਲਾਬ ਸਿੰਘ ਡੋਗਰੇ ਨੂੰ ਮਹਾਰਾਜਾ ਸ਼ੇਰ ਸਿੰਘ ਨੇ ੧੮੪੨ ਵਿੱਚ ਦੂਜੀ ਅਫ਼ਗ਼ਾਨਿਸਤਾਨ ਮੁਹਿੰਮ ਵਿੱਚ ਅੰਗਰੇਜ਼ਾਂ ਦੀ ਸਹਾਇਤਾ ਲਈ ਭੇਜਿਆ ਸੀ। ਜਦੋਂ ਜਨਵਰੀ, ੧੮੪੨ ਵਿੱਚ ਹੈਨਰੀ ਲਾਰੰਸ ਉਸ ਨੂੰ ਸਿੰਧ ਦੇ ਪਾਰਲੇ ਪਾਸੇ ਮਿਲਿਆ, ਤਾਂ ਉਸ ਨੂੰ ਇਹ ਗੱਲ

ਸੁਝੀ ਕਿ :

> "ਡੋਗਰੇ ਰਾਜਿਆਂ, ਧਿਆਨ ਸਿੰਘ ਅਤੇ ਗੁਲਾਬ ਸਿੰਘ, ਨੂੰ ਉਨ੍ਹਾਂ ਵਲੋਂ ਦਿੱਤੀ ਸਹਾਇਤਾ ਬਦਲੇ ਕੁਝ ਦੇਣਾ ਚਾਹੀਦਾ ਹੈ; ਕਿਉਂ ਕਿ ਇਸ ਵੇਲੇ ਪੰਜਾਬ ਵਿੱਚ ਕੇਵਲ ਉਹ ਹੀ ਅੰਗਰੇਜ਼ਾਂ ਨੂੰ ਸਹਾਇਤਾ ਦੇਣ ਦੇ ਯੋਗ ਹਨ। ਸਾਨੂੰ ਇਹੋ ਜਿਹੇ ਰਾਜਿਆਂ ਅਤੇ ਜਨਰਲ ਐਵੀਟੇਬਲ ਵਰਗੇ ਵਿਅਕਤੀਆਂ ਦੀ ਲੋੜ ਹੈ ਅਤੇ ਸਾਨੂੰ ਉਨ੍ਹਾਂ ਦੀ ਸੁਆਰਥ ਪੂਰਤੀ ਦੁਆਰਾ ਹੀ ਉਨ੍ਹਾਂ ਨੂੰ ਆਪਣੇ ਨਾਲ ਜੋੜ ਲੈਣਾ ਚਾਹੀਦਾ ਹੈ, ਕਿਉਂ ਕਿ ਉਹ ਇਸੇ ਸੁਆਰਥ ਦੇ ਰਿਸ਼ਤੇ ਵਿੱਚ ਬੰਨ੍ਹੇ ਜਾ ਸਕਦੇ ਹਨ। ਇਨ੍ਹਾਂ ਰਾਜਿਆਂ, ਜਨਰਲ ਐਵੀਟੇਬਲ ਅਤੇ ਦੂਜੇ ਸਰਦਾਰਾਂ ਨਾਲ ਵਿਸ਼ੇਸ਼ ਤੇ ਵੱਖਰਾ ਸਲੂਕ ਕਰਨਾ ਚਾਹੀਦਾ ਹੈ; ਉਹ ਇੰਜ ਹੀ ਹੋ ਸਕਦਾ ਹੈ, ਕਿ ਅਸੀਂ ਇਨ੍ਹਾਂ (ਦੋਹਾਂ) ਰਾਜਿਆਂ ਨੂੰ ਤਾਂ ਉਨ੍ਹਾਂ ਦੇ ਨਿੱਜੀ ਇਲਾਕਿਆਂ ਵਿੱਚ ਸੁਰਖਿਆ ਦਾ ਭਰੋਸਾ ਦਵਾਈਏ ਤੇ ਜੇਕਰ ਹੋਰ ਵਾਧੂ ਇਲਾਕੇ ਵੀ ਦੇਣੇ ਪੈਣ ਤਾਂ ਦੇ ਦੇਈਏ; ਜਨਰਲ ਐਵੀਟੇਬਲ ਨੂੰ ਸਮੇਤ ਉਸ ਦੀ ਮਲਕੀਅਤ, ਆਦਿ ਦੇ ਸੇਵਾ-ਮੁਕਤ ਹੋਣ ਦੀ ਜ਼ਾਮਨੀ (ਗਾਰੰਟੀ) ਦੇਈਏ ਅਤੇ ਸਾਡੀ ਸਹਾਇਤਾ ਕਰਨ ਵਾਲੇ ਸਰਦਾਰਾਂ ਨੂੰ ਖ਼ਾਸ ਰਿਆਇਤਾਂ ਦੇਈਏ।"
>
> ਇਸ ਲਈ ਉਸ ਨੇ ਇਹ ਤਜਵੀਜ਼ ਕੀਤੀ ਕਿ :
>
> "ਪੂਰਨ ਸਹਾਇਤਾ ਦੀ ਸ਼ਰਤ ਉਤੇ ਸਾਨੂੰ ਰਾਜਾ ਗੁਲਾਬ ਸਿੰਘ ਦੀ ਜਲਾਲਾਬਾਦ ਦੀ ਘਾਟੀ ਉਤੇ ਕਬਜ਼ਾ ਕਰਨ ਵਿੱਚ ਅਸਰਦਾਇਕ ਸਹਾਇਤਾ ਕਰਨੀ ਚਾਹੀਦੀ ਹੈ ਅਤੇ ਇਸ ਘਾਟੀ ਤੇ ਪਿਸ਼ਾਵਰ ਨੂੰ ਉਸ ਦੇ ਖਾਨਦਾਨ ਲਈ ਪ੍ਰਾਪਤ ਕਰ ਕੇ ਸੁਰਖਿਅਤ ਕਰ ਦੇਣਾ ਚਾਹੀਦਾ ਹੈ।"[੧੦]

ਮਹਾਰਾਜਾ ਅਤੇ ਡੋਗਰੇ ਸਰਦਾਰਾਂ ਨੂੰ ਇੱਕ ਦੂਜੇ ਦੇ ਵਿਰੁੱਧ ਖੜਾ ਕਰਨ ਦੀ ਵਿਉਂਤ ਪੂਰੀ ਤੇ ਪੱਕੀ ਬਣਾ ਕੇ ਲਾਰਡ ਐਲਨਬਰੋ ਨੇ ੧੧ ਮਈ ੧੮੪੩ ਦੇ ਆਪਣੇ ਪੱਤਰ ਵਿੱਚ ਲਿਖਿਆ ਕਿ :

> "ਜਨਰਲ ਵੈਨਤੁਰਾ ਮਹਾਰਾਜਾ ਸ਼ੇਰ ਸਿੰਘ ਦੇ ਨਾਲ ਹੈ ਅਤੇ ਮੈਨੂੰ ਇਹ ਸਪੱਸ਼ਟ ਹੋ ਗਿਆ ਹੈ ਕਿ ਮਹਾਰਾਜਾ ਉਸ ਦੀ ਸਹਾਇਤਾ ਦੇ

ਭਰੋਸੇ ਤੇ ਪਹਿਲਾ ਮੌਕਾ ਮਿਲਦਿਆਂ ਹੀ, ਆਪਣੇ ਮੰਤਰੀ ਧਿਆਨ ਸਿੰਘ ਦਾ ਪੱਤਾ ਕੱਟ ਦੇਵੇਗਾ। ਧਿਆਨ ਸਿੰਘ ਨੂੰ ਵੀ ਇਸ ਗੱਲ ਦਾ ਪਤਾ ਹੈ ਤੇ ਉਹ ਇਸ ਲਈ ਤਿਆਰ ਵੀ ਹੈ। ਸ਼ਾਇਦ ਪੰਜਾਬ ਦੇ ਟੋਟੇ-ਟੋਟੇ ਹੋਣ ਦਾ ਮੁਢ ਅਜਿਹੇ ਕਿਸੇ ਕਤਲ ਨਾਲ ਹੀ ਬਝੇਗਾ।"

ਉਸ ਨੇ ਫੇਰ ੧੨ ਅਗਸਤ ੧੮੪੩ ਨੂੰ ਲਿਖਿਆ ਕਿ :

"ਪੰਜਾਬ ਦੇ ਹਾਲਾਤ ਸ਼ੇਰ ਸਿੰਘ ਦੀ ਮੌਤ ਨਾਲ ਹੀ ਵਿਗੜਨ ਲੱਗ ਪੈਣਗੇ।"

੨੦ ਸਤੰਬਰ ੧੯੪੩ ਨੂੰ ਉਸ ਫਿਰ ਲਿਖਿਆ :

"ਲਾਹੌਰ ਦਾ ਮਹਾਰਾਜਾ ਆਪਣੇ ਪੈਰੀਂ ਆਪ ਹੀ ਕੁਹਾੜਾ ਮਾਰ ਰਿਹਾ ਹੈ। ਅਜਿਹੀ ਦੁਰਘਟਨਾ ਤਿੰਨ ਹਫਤੇ ਪਹਿਲਾਂ ਹੀ ਵਾਪਰਨ ਲੱਗੀ ਸੀ, ਪਰ ਹਾਲ ਦੀ ਘੜੀ ਇਹ ਅਗਾਂਹ ਤੇ ਪੈ ਗਈ ਹੈ।"

ਮਹਾਰਾਜਾ ਸ਼ੇਰ ਸਿੰਘ, ਉਸ ਦਾ ਪੁਤਰ ਸ਼ਹਿਜ਼ਾਦਾ ਪ੍ਰਤਾਪ ਸਿੰਘ ਤੇ ਧਿਆਨ ਸਿੰਘ ਡੋਗਰਾ ਸਾਰੇ ਦੇ ਸਾਰੇ ੧੫ ਸਤੰਬਰ ੧੮੪੩ ਨੂੰ ਕਤਲ ਕਰ ਦਿਤੇ ਗਏ, ਇਹ ਖ਼ਬਰ ਅਜੇ ਕਲਕੱਤੇ ਪਹੁੰਚਣ ਵਾਲੀ ਹੀ ਹੋਵੇਗੀ ਕਿ ਐਲਨਬਰੋ ਨੇ ੨੦ ਸਤੰਬਰ ੧੮੪੩ ਨੂੰ ਆਪਣਾ ਅੰਤਮ ਪੱਤਰ ਲਿਖਿਆ।

ਲਾਰਡ ਐਲਨਬਰੋ ਨੇ ੨੦ ਅਕਤੂਬਰ ੧੮੪੩ ਨੂੰ ਡਿਊਕ ਆਫ ਵੈਲਿੰਗਟਨ ਨੂੰ ਫੇਰ ਲਿਖਿਆ :

"ਹੀਰਾ ਸਿੰਘ (ਧਿਆਨ ਸਿੰਘ ਦਾ ਪੁਤਰ ਅਤੇ ਵਾਰਿਸ) ਨੂੰ ਕੋਈ ਅਸਲੀ ਅਧਿਕਾਰ ਨਹੀਂ ਹੈ। ਉਸ ਦਾ ਸਰਵੋਤਮ ਸਲਾਹਕਾਰ ਵੈਨਤੁਰਾ ਹੈ ਪਰ ਹੁਣ ਉਸ ਨੂੰ ਵੀ ਖ਼ਤਰਾ ਹੈ। ਗੁਲਾਬ ਸਿੰਘ ਬੀਮਾਰੀ, ਗ਼ਮ ਜਾਂ ਕਿਸੇ ਨੀਤੀ ਕਾਰਨ ਪਹਾੜਾਂ ਵਿੱਚ ਹੀ ਬੈਠਾ ਹੈ ਅਤੇ ਉਥੇ ਆਪਣੀ ਸਥਿਤੀ ਪੱਕੀ ਕਰ ਰਿਹਾ ਹੈ। ਹੀਰਾ ਸਿੰਘ ਵੀ ਸ਼ਾਇਦ ਛੇਤੀ ਹੀ ਜੰਮੂ ਭੱਜ ਜਾਵੇਗਾ। ਫਿਰ ਪੰਜਾਬ ਦੇ ਮੈਦਾਨਾਂ ਵਿੱਚ ਨਿਰੋਲ ਸਿੱਖ ਸਰਕਾਰ ਅਤੇ ਪਹਾੜਾਂ ਵਿੱਚ ਨਿਰੋਲ ਰਾਜਪੂਤ ਸਰਕਾਰ ਕਾਇਮ ਹੋ ਜਾਵੇਗੀ। ਮੁਲਤਾਨ ਸ਼ਾਇਦ ਸਿੱਖਾਂ ਨਾਲੋਂ ਸਾਰੇ ਸੰਬੰਧ ਹੀ ਤੋੜ ਲਵੇ। ਵੈਨਤੁਰਾ ਦਾ ਖ਼ਿਆਲ ਹੈ, ਕਿ ਲੰਮੇ ਸਮੇਂ ਲਈ ਘੋਰ ਬਦ-ਅਮਨੀ ਫੈਲ ਜਾਵੇਗੀ, ਜਿਸ ਤੋਂ ਬਚਣ ਲਈ ਸਿੱਖਾਂ ਵਾਸਤੇ

ਸਾਡੀ ਸ਼ਰਨ ਵਿੱਚ ਆਉਣਾ ਹੀ ਆਖਰੀ ਪਨਾਹ ਹੋਵੇਗੀ। ਮੈਂ ਉਸ ਨਾਲ ਸਹਿਮਤ ਹਾਂ। ਉਹ ਸਮਾਂ ਦੂਰ ਨਹੀਂ, ਜਦੋਂ ਪੰਜਾਬ ਸਾਡੇ ਪ੍ਰਬੰਧ ਅਧੀਨ ਆ ਜਾਵੇਗਾ ਅਤੇ ਫਿਰ ਸਵਾਲ ਇਹ ਰਹਿ ਜਾਵੇਗਾ ਕਿ ਅਸੀਂ ਪਹਾੜੀ ਇਲਾਕਿਆਂ ਦਾ ਕੀ ਕਰਾਂਗੇ ?"

ਪਰ ਉਸ ਨੇ ਇਹ ਗਿਲਾ (ਰੋਸ) ਜ਼ਰੂਰ ਕੀਤਾ ਕਿ :

"ਫ਼ੌਜੀ ਹਲਕਿਆਂ ਤੋਂ ਛੁੱਟ ਆਮ ਲੋਕਾਂ ਵਿੱਚ ਵੀ ਚਿਰ ਤੋਂ ਇਸ ਵਿਉਂਤ ਵਿੱਚ ਰੋੜੇ ਅਟਕਾਉਣ ਦੀ ਰੁਚੀ ਪ੍ਰਤੱਖ ਦਿਸ ਰਹੀ ਹੈ।"

ਭਾਵੇਂ ਅੰਗਰੇਜ਼ਾਂ ਨੇ ਪੰਜਾਬ ਉਤੇ ਹਮਲਾ ਕਰ ਕੇ ਇਸ ਨੂੰ ਆਪਣੇ ਨਾਲ ਮਿਲਾਉਣ ਦਾ ਪੱਕਾ ਨਿਸਚਾ ਕਰ ਲਿਆ ਸੀ, ਪਰ ਉਨ੍ਹਾਂ ਨੂੰ ਤੌਖਲਾ ਇਹ ਸੀ, ਕਿ ਇਸ ਗੱਲ ਨੂੰ ਉਹ ਕਿਵੇਂ ਜਾਇਜ਼ ਸਿੱਧ ਕਰ ਸਕਣਗੇ ? ਸਰ ਹੈਨਰੀ ਹਾਰਡਿੰਗ ਨੇ ੨੩ ਜਨਵਰੀ ੧੮੪੫ ਨੂੰ ਐਲਨਬਰੋ ਨੂੰ ਲਿਖਿਆ :

"ਭਾਵੇਂ ਅਸੀਂ ਆਪਣੇ ਸੰਕਟ-ਗ੍ਰਸਤ ਸਾਥੀ (ਲਾਹੌਰ ਦਰਬਾਰ) ਨੂੰ ਹੜੱਪ ਕਰ ਜਾਣ ਨੂੰ ਜਾਇਜ਼ ਵੀ ਮੰਨ ਲਈਏ, ਫਿਰ ਵੀ ਅਸੀਂ ਇਸ ਕੰਮ ਲਈ ਅਜੇ ਤਿਆਰ ਨਹੀਂ ਤੇ ਨਾ ਹੀ ਗਰਮੀਆਂ ਤਕ, ਜਦੋਂ ਸਤਲੁਜ ਵਿੱਚ ਹੜ੍ਹ ਆ ਜਾਵੇ, ਤਿਆਰ ਹੋ ਹੀ ਸਕਾਂਗੇ। ਸਾਡੀ ਇਹ ਧੀਮੀ ਗਤੀ ਸਾਨੂੰ ਕੋਈ ਨੁਕਸਾਨ ਵੀ ਨਹੀਂ ਪਹੁੰਚਾਵੇਗੀ, ਬਸ਼ਰਤੇ ਕਿ ਇਸ ਵਕਫ਼ੇ ਵਿੱਚ ਪਹਾੜੀ ਤੇ ਮੈਦਾਨੀ ਇਲਾਕੇ ਇੱਕ ਦੂਜੇ ਨੂੰ ਵਧੇਰੇ ਕਮਜ਼ੋਰ ਕਰ ਸਕਣ। ਭਾਵੇਂ ਇਹ ਅਕਤੂਬਰ ਦਾ ਮਹੀਨਾ ਵੀ ਹੁੰਦਾ ਤੇ ਸਾਡੀ ਫ਼ੌਜ ਅਸਲੋਂ ਤਿਆਰ ਵੀ ਹੁੰਦੀ, ਫਿਰ ਵੀ ਆਖਰ ਕਿਸ ਬਹਾਨੇ ਜਾਂ ਦਲੀਲ ਦੇ ਆਧਾਰ ਤੇ ਅਸੀਂ ਪੰਜਾਬ ਉਪਰ ਹਮਲਾ ਕਰ ਸਕਾਂਗੇ ?"

"ਸਵੈ-ਰੱਖਿਆ ਦਾ ਹਿੱਤ ਇਸ ਗੱਲ ਦੀ ਮੰਗ ਕਰਦਾ ਹੈ, ਕਿ ਇਸ ਸਿੱਖ ਫੌਜ ਨੂੰ ਤਿੱਤਰ-ਬਿੱਤਰ ਅਤੇ ਤਬਾਹ ਕਰ ਦਿੱਤਾ ਜਾਵੇ। ਜਿਸ ਦੇ ਜ਼ਹਿਰੀਲੇ ਅਸਰ ਦੀ ਮਿਸਾਲ ਹਦੋਂ ਵੱਧ ਭਿਆਨਕ ਹੈ, ਪਰ ਇਸ ਤੋਂ ਛੁਟ, ਅਸੀਂ ਉਸ ਸਾਥੀ ਦੇ ਇਲਾਕੇ ਨੂੰ ਹਥਿਆਉਣ ਦੇ ਮਾਮਲੇ ਨੂੰ ਕਿਵੇਂ ਜਾਇਜ਼ ਠਹਿਰਾਵਾਂਗੇ, ਜਿਸ ਨੇ ਅਫ਼ਗਾਨਿਸਤਾਨ ਵਿੱਚ ਸਾਡੇ ਵਿਗੜਦੇ ਮਾਮਲਿਆਂ ਨੂੰ ਮੁੜ ਸੁਧਾਰਨ ਵਿੱਚ ਸਾਡੀ ਹਰ ਸੰਭਵ

ਸਹਾਇਤਾ ਕੀਤੀ ਸੀ।"

ਅੰਗਰੇਜ਼ਾਂ ਵਲੋਂ ਜੰਗ ਦੇ ਐਲਾਨ ਤੋਂ ਪੰਜ ਦਿਨ ਬਾਅਦ ਵੀ ਗਵਰਨਰ ਜਨਰਲ ਇਸ ਹਮਲੇ ਨੂੰ ਜਾਇਜ਼ ਕਰਾਰ ਦੇਣ ਬਾਰੇ ਕਾਇਲ ਨਹੀਂ ਸੀ। ਕਸਟ ਸਾਹਿਬ ਲਿਖਦਾ ਹੈ :

> "੧੮ ਦਸੰਬਰ : ਮੈਂ ਗਵਰਨ-ਜਨਰਲ ਦੇ ਮਗਰ-ਮਗਰ ਘੋੜੇ ਤੇ ਸਵਾਰ ਸਾਂ, ਅਤੇ ਅਸੀਂ ਪਿਆਦਾ ਫ਼ੌਜ ਦੀ ਉਡੀਕ ਵਿੱਚ ਇੱਕ ਰੁੱਖ ਦੀ ਛਾਵੇਂ ਬੈਠੇ ਸਾਂ ਕਿ ਗਵਰਨਰ-ਜਨਰਲ ਨੇ ਸੁਭਾਵਕ ਹੀ ਕਿਹਾ : "ਕੀ ਸਿੱਖਾਂ ਵਲੋਂ ਦਰਿਆ ਸਤਲੁਜ ਦੇ ਪਾਰ ਕਰਨ ਦੀ ਕਾਰਵਾਈ ਨੂੰ ਇੰਗਲੈਂਡ ਦੇ ਲੋਕ ਸਾਡੀ ਸਰਹੱਦ ਉਪਰ ਵਾਸਤਵ ਵਿੱਚ ਇੱਕ ਹਮਲਾ ਸਮਝਣਗੇ ਅਤੇ ਕੀ ਇਸ ਨੂੰ ਜੰਗ ਛੇੜਨ ਲਈ ਜਾਇਜ਼ ਕਰਾਰ ਦੇਣਗੇ ?" ਪਰ ਉਸ ਸਮੇਂ ਤੱਕ ਤਾਂ ਖੇਡ ਖੇਡੀ ਜਾ ਚੁੱਕੀ ਸੀ ਅਤੇ ਉਹ (ਅੰਗਰੇਜ਼) ਸਿੱਖਾਂ ਨਾਲ ਛੇੜੀ ਜੰਗ ਵਿੱਚ ਜੂਝ ਚੁਕੇ ਸਨ।"

## <u>੨</u>

ਹੁਣ ਅਸੀਂ ਸੰਖੇਪ ਰੂਪ ਵਿੱਚ ਇਸ ਪ੍ਰਸ਼ਨ ਉਤੇ ਵਿਚਾਰ ਕਰਦੇ ਹਾਂ, ਕਿ ਕੀ ਸਿੱਖਾਂ ਦਾ ਸਤਲੁਜ ਪਾਰ ਕਰਨਾ ਅੰਗਰੇਜ਼ੀ ਇਲਾਕੇ ਉਤੇ ਵਾਸਤਵਿਕ ਹਮਲਾ ਹੀ ਸੀ ? ਲੇਖ ਦਾ ਖੇਤਰ ਇਸ ਸਵਾਲ ਦੇ ਵਿਸਥਾਰ-ਪੂਰਬਕ ਨਿਰੀਖਣ ਦੀ ਆਗਿਆ ਨਹੀਂ ਦਿੰਦਾ। ਇਸ ਲਈ ਕੇਵਲ ਕੁਝ ਕੁ ਉਨ੍ਹਾਂ ਅੰਗਰੇਜ਼ੀ ਅਫਸਰਾਂ ਦੀਆਂ ਰਾਵਾਂ ਹੀ ਇਥੇ ਦਿੰਦੇ ਹਾਂ, ਜਿਨ੍ਹਾਂ ਦਾ ਉਸ ਸਮੇਂ ਪੰਜਾਬ ਦੇ ਮਾਮਲਿਆਂ ਨਾਲ ਨਿਕਟੀ ਸੰਬੰਧ ਸੀ।

ਉੱਤਰ ਪੱਛਮ ਏਜੰਸੀ ਦੇ ਮੇਜਰ ਜੀ, ਕਾਰਮਾਈਕਲ ਸਮਿਥ ਨੇ ਲਿਖਿਆ :

> "ਪੰਜਾਬ ਦੀ ਜੰਗ ਸੰਬੰਧੀ ਨਾ ਤਾਂ ਮੇਰੀ ਇਹ ਰਾਇ ਹੈ ਕਿ ਸਿੱਖਾਂ ਨੇ ਬਿਨਾਂ ਕਿਸੇ ਉਕਸਾਹਟ ਦੇ ਹਮਲਾ ਕੀਤਾ ਅਤੇ ਨਾ ਹੀ ਮੈਂ ਇਹ ਮੰਨਦਾ ਹਾਂ, ਕਿ ਅਸੀਂ ਉਨ੍ਹਾਂ ਸੰਬੰਧੀ ਕਿਸੇ ਧੀਰਜ ਤੋਂ ਕੰਮ ਲਿਆ।

ਜੇਕਰ ਸਿੱਖਾਂ ਨੂੰ ਬਿਲਕੁਲ ਆਜ਼ਾਦ ਰਾਜ ਮੰਨਿਆ ਜਾਵੇ, ਜੋ ਕਿਸੇ ਤਰ੍ਹਾਂ ਵੀ ਸਾਡੇ ਉਤਰਦਾਇਕ ਨਹੀਂ ਤਾਂ ਸਾਨੂੰ ਉਨ੍ਹਾਂ ਨੂੰ ਉਕਸਾਉਣਾ ਨਹੀਂ ਸੀ ਚਾਹੀਦਾ, ਕਿਉਂਕਿ ਇਹ ਗੱਲ ਬਿਲਕੁਲ ਫਜ਼ੂਲ ਜਾਪਦੀ ਹੈ ਕਿ ਅਸਾਂ ਬੰਬਈ ਤੋਂ ਕਿਸ਼ਤੀਆਂ ਦਾ ਪੁਲ ਲੜਾਈ ਲਈ ਨਹੀਂ, ਸਗੋਂ ਬਚਾਉ ਵਾਸਤੇ ਲਿਆਂਦਾ ਹੈ। ਇਸ ਤੋਂ ਇਲਾਵਾ ਸਿੱਖਾਂ ਕੋਲ ਸਰ ਚਾਰਲਸ ਨੈਪੀਅਰ ਦੇ ਭਾਸ਼ਨ, ਜੋ ਦਿੱਲੀ ਗਜ਼ਟ ਵਿੱਚ ਛਪਿਆ ਸੀ, ਦਾ ਉਹ ਅਨੁਵਾਦ ਵੀ ਸੀ, ਜਿਸ ਵਿੱਚ ਇਹ ਦੱਸਿਆ ਗਿਆ ਸੀ ਕਿ ਅਸੀਂ ਉਨ੍ਹਾਂ ਨਾਲ ਲੜਾਈ ਸ਼ੁਰੂ ਕਰ ਰਹੇ ਹਾਂ, ਅਜਿਹੇ ਹਾਲਾਤ ਵਿੱਚ ਜੋ ਕੁਝ ਸਾਰੀਆਂ ਯੂਰਪੀਨ ਤਾਕਤਾਂ ਕਰਦੀਆਂ ਹਨ, ਉਹ ਕੁਝ ਹੀ ਸਿੱਖਾਂ ਨੇ ਵੀ ਕੀਤਾ, ਅਰਥਾਤ ਉਨ੍ਹਾਂ ਵੀ ਮੈਦਾਨਿ-ਜੰਗ ਵਿੱਚ ਨਿੱਤਰਨ ਦੀ ਪਹਿਲ ਕੀਤੀ। ਨਾਲੇ ਉਹ ਤਾਂ ਸਾਡੇ ਇਲਾਕੇ ਵਿੱਚ ਨਹੀਂ, ਸਗੋਂ ਆਪਣੇ ਇਲਾਕੇ ਵਿੱਚ ਡੇਰੇ ਜਮਾਈ ਬੈਠੇ ਸਨ।"

"ਅਤੇ ਮੈਂ ਕੇਵਲ ਇਤਨਾ ਪੁੱਛਣਾ ਚਾਹੁੰਦਾ ਹਾਂ, ਕਿ ਕੀ ਅਸਾਂ ਮਿੱਤ੍ਰਤਾ ਦੇ ਸਿੱਧਾਂਤਾਂ ਨੂੰ ਤਜਣ ਵਿੱਚ ਜਾਂ ਛਿਕੇ ਉੱਪਰ ਟੰਗਣ ਦੀ ਪਹਿਲ ਨਹੀਂ ਕੀਤੀ ? ਅਤੇ ਕੀ ਜੰਗ ਛਿੜਨ ਤੋਂ ਇੱਕ ਸਾਲ ਪਹਿਲਾਂ ਅਸਾਂ ਫਿਰੋਜ਼ਪੁਰ ਤੇ ਪੰਜਾਬ ਦੇ ਵਿਚਕਾਰਲੇ ਟਾਪੂ ਨੂੰ ਇਸ ਲਈ ਦਬਾਅ ਨਹੀਂ ਸੀ ਲਿਆ ਕਿ ਇਸ ਨਾਲ ਇਸ ਇਲਾਕੇ ਤੇ ਸਾਡੇ ਵਿਚਕਾਰ ਡੂੰਘੀ ਖਾਈ ਬਣ ਜਾਂਦੀ ਹੈ, ਭਾਵੇਂ ਇਹ ਇਲਾਕਾ ਸਿੱਖਾਂ ਦਾ ਸੀ।... ਪਰ ਜੇ ਦੂਜੇ ਪਾਸੇ ਦੋਹਾਂ ਸਰਕਾਰਾਂ ਨੂੰ ੧੮੦੯ ਦੀ ਸੰਧੀ ਦਾ ਪਾਬੰਦ ਮੰਨਿਆ ਜਾਵੇ ਤਾਂ ਸਾਧਾਰਨ ਪ੍ਰਸ਼ਨ ਇਹ ਉਠਦਾ ਹੈ ਕਿ ਦੋਸਤੀ ਦੇ ਨਿਯਮਾਂ ਦੀ ਉਲੰਘਣਾ ਵਿੱਚ ਪਹਿਲ ਕਿਸ ਨੇ ਕੀਤੀ ? ਮੇਰੀ ਇਹ ਪੱਕੀ ਰਾਏ ਹੈ ਕਿ ਅਜਿਹਾ ਉਲੰਘਣ ਪਹਿਲਾਂ ਅਸਾਂ ਹੀ ਕੀਤਾ ਹੈ।"[੧੧]

ਸਰ ਜਾਰਜ ਕੈਂਬਲ ਇਸ ਵਿਸ਼ੇ ਉਤੇ ਹੋਰ ਵੀ ਵਧੇਰੇ ਜ਼ੋਰਦਾਰ ਸ਼ਬਦਾਂ ਵਿੱਚ ਕਹਿੰਦਾ ਹੈ। ਉਹ ਉਸ ਸਮੇਂ ਕੈਥਲ (ਇੱਕ ਸਿੱਖ ਰਾਜ ਜਿਸ ਨੂੰ ਅੰਗਰੇਜ਼ਾਂ ਨੇ ਜ਼ਬਤ ਕਰ ਲਿਆ ਸੀ) ਨਿਯੁਕਤ ਸੀ। ਉਸ ਨੇ ਲਿਖਿਆ ਹੈ :

"ਇਤਿਹਾਸ ਗਵਾਹ ਹੈ ਤੇ ਇਸ ਤੱਥ ਨੂੰ ਆਉਣ ਵਾਲੀਆਂ ਪੀੜ੍ਹੀਆਂ ਯਾਦ ਕਰਨਗੀਆਂ, ਕਿ ਸਿੱਖ ਫ਼ੌਜ ਨੇ ਸਾਡੇ ਉਤੇ ਹਮਲਾ ਕਰਨ ਦੇ

ਨਿਸ਼ਚੇ ਸਹਿਤ ਸਾਡੇ ਇਲਾਕੇ ਉਤੇ ਹਮਲਾ ਕੀਤਾ ਸੀ। ਪਰ ਬਹੁਤ ਸਾਰੇ ਲੋਕ ਇਹ ਸੁਣ ਕੇ ਬਹੁਤ ਹੈਰਾਨ ਹੋਣਗੇ, ਕਿ ਉਨ੍ਹਾਂ (ਸਿੱਖਾਂ) ਨੇ ਅਜਿਹਾ ਬਿਲਕੁਲ ਨਹੀਂ ਸੀ ਕੀਤਾ ਅਤੇ ਨਾ ਹੀ ਸਾਡੇ ਇਲਾਕੇ ਵਿੱਚ ਪੈਰ ਤਕ ਰੱਖਿਆ, ਉਨ੍ਹਾਂ ਤਾਂ ਬਸ ਇੰਨਾਂ ਹੀ ਕੀਤਾ ਸੀ ਕਿ ਦਰਿਆ ਪਾਰ ਕਰ ਕੇ ਆਪਣੇ ਹੀ ਇਲਾਕੇ ਵਿੱਚ ਮੋਰਚਾ-ਬੰਦੀ ਕਰ ਲਈ ਸੀ।"[੧੨]

ਲੜਾਈ ਦੇ ਛਿੜਨ ਸਮੇਂ ਲੁਧਿਆਣੇ ਵਿੱਚ ਸਥਿਤ ਅੰਗਰੇਜ਼ੀ ਏਜੰਟ ਮੇਜਰ ਬਰੋਡਫੁਟ ਦੇ ਨਿਜੀ ਸਹਾਇਕ ਕਸਟ ਨੇ ਵੀ ਅੰਗਰੇਜ਼ੀ ਫ਼ੌਜ ਦੇ ਆਕਰਮਨ ਦਾ ਹਵਾਲਾ ਦਿੰਦਿਆ ਲਿਖਿਆ ਹੈ ਕਿ ਇਹ "ਪੰਜਾਬ ਦੇ ਆਜ਼ਾਦ ਰਾਜ ਉਤੇ ਪਹਿਲਾ ਅੰਗਰੇਜ਼ੀ ਹਮਲਾ ਸੀ।"[੧੩]

ਹੁਣ ਮੁਦਕੀ, ਫੀਰੋਜ਼ਸ਼ਾਹ ਅਤੇ ਸਭਰਾਉਂ ਦੀਆਂ ਲੜਾਈਆਂ ਅਤੇ ਗੱਦਾਰਾਂ ਦੀਆਂ ਕਰਤੂਤਾਂ ਦੀ ਗੱਲ ਕਰਦੇ ਹਾਂ। ਗੁਲਾਬ ਸਿੰਘ ਡੋਗਰਾ, ਮਿਸਰ ਤੇਜ ਸਿੰਘ ਅਤੇ ਮਿਸਰ ਲਾਲ ਸਿੰਘ ਤਿੰਨ ਮੁੱਖੀ ਗੱਦਾਰ ਸਨ, ਜਿਨ੍ਹਾਂ ਦੀਆਂ ਸੇਵਾਵਾਂ ਸਾਜ਼ਸ਼ ਕਰ ਕੇ ਅੰਗਰੇਜ਼ਾਂ ਨੇ ਪਹਿਲਾਂ ਹੀ ਪਰਾਪਤ ਕਰ ਲਈਆਂ ਸਨ। ਉਨ੍ਹਾਂ ਨੇ ਰਾਜਾ ਗੁਲਾਬ ਸਿੰਘ ਨੂੰ ਜੰਮੂ ਤੇ ਕਸ਼ਮੀਰ ਦੇ ਸੂਬੇ ਦੇਣ ਦਾ ਭਰੋਸਾ ਦੁਆਇਆ ਸੀ ਅਤੇ ਯੂ.ਪੀ. ਤੋਂ ਆਏ ਦੂਜੇ ਦੋਹਾਂ ਨੂੰ ਵੱਡੇ ਇਨਾਮਾਂ ਅਤੇ ਕ੍ਰਮਵਾਰ ਕਮਾਂਡਰ-ਇਨ-ਚੀਫ਼ ਅਤੇ ਪਰਧਾਨ ਮੰਤਰੀ ਦੇ ਅਹੁਦਿਆਂ ਦਾ ਯਕੀਨ ਦੁਆਇਆ ਸੀ। ਸਿੱਖ ਫ਼ੌਜ ਨਾਲ ਸਤਲੁਜ ਪਾਰ ਕਰਨ ਉਪਰੰਤ ਲਾਲ ਸਿੰਘ ਨੇ ਕਪਤਾਨ ਨਿਕਲਸਨ ਨੂੰ ਫਿਰੋਜ਼ਪੁਰ ਲਿਖਿਆ :

"ਮੈਂ ਸਿੱਖ ਫੌਜ ਸਮੇਤ ਦਰਿਆ ਪਾਰ ਕਰ ਲਿਆ ਹੈ। ਤੁਹਾਨੂੰ ਮੇਰੀ ਅੰਗਰੇਜ਼-ਦੋਸਤੀ ਦਾ ਪਤਾ ਹੀ ਹੈ। ਹੁਕਮ ਕਰੋ, ਹੁਣ ਮੈਂ ਕੀ ਕਰਾਂ ?"

ਨਿਕਲਸਨ ਨੇ ਜਵਾਬ ਦਿੱਤਾ :

"ਫਿਰੋਜ਼ਪੁਰ ਉਤੇ ਹਮਲਾ ਨਾ ਕਰੋ। ਜਿੰਨੇ ਦਿਨ ਵੀ ਇਥੇ ਪੜਾਅ ਕਰ ਸਕਦੇ ਹੋ, ਕਰੀ ਰੱਖੋ ਤੇ ਫਿਰ ਗਵਰਨਰ-ਜਨਰਲ ਵੱਲ ਕੂਚ ਕਰ ਦੇਣਾ।"

ਇਸ ਘਟਨਾ ਬਾਰੇ ਕਨਿੰਘਮ ਲਿਖਦਾ ਹੈ :

"ਅਸਲ ਵਿੱਚ ਲਾਲ ਸਿੰਘ ਅਤੇ ਤੇਜ ਸਿੰਘ ਦਾ ਮੰਤਵ ਅਲੱਗ-

ਥਲੱਗ ਪਏ ਫਿਰੋਜ਼ਪੁਰ ਡਿਵੀਜ਼ਨ ਨੂੰ ਬਰਬਾਦ ਕਰਕੇ ਅੰਗਰੇਜ਼ਾਂ ਨਾਲ ਸਮਝੌਤਾ ਕਰ ਲੈਣਾ ਹੀ ਨਹੀਂ ਸੀ, ਸਗੋਂ ਆਪਣੀਆਂ ਫੌਜਾਂ ਨੂੰ ਦੁਸ਼ਮਣ ਦੀਆਂ ਵਧ ਰਹੀਆਂ ਤੇ ਘੇਰਾ ਪਾ ਰਹੀਆਂ ਫੌਜਾਂ ਦੁਆਰਾ ਤਿਤਰ-ਬਿੱਤਰ ਕਰਵਾਉਣਾ ਸੀ।"

ਇਸ ਬਾਰੇ ਲੁਡਲੋ ਕਹਿੰਦਾ ਹੈ :

"ਜੇ ਉਹ ਉਸ ਸਮੇਂ ਹਮਲਾ ਕਰ ਦਿੰਦਾ ਤਾ ਫਿਰੋਜ਼ਪੁਰ ਵਿਖੇ ਸਾਡੀ ੮,੦੦੦ ਫੌਜ ਬਿਲਕੁਲ ਨਸ਼ਟ ਹੋ ਜਾਂਦੀ ਅਤੇ ਜੇਤੂ ੬੯,੦੦੦ ਫੌਜ ਸਰ ਹੈਨਰੀ ਹਾਰਡਿੰਗ ਉਤੇ ਟੁੱਟ ਕੇ ਜਾ ਪੈਂਦੀ, ਜਿਸ ਪਾਸ ਉਸ ਸਮੇਂ ਕੇਵਲ ੮,੦੦੦ ਨਫ਼ਰੀ ਦੀ ਫ਼ੌਜ ਸੀ। ਉਸ ਸਮੇਂ ਸਾਡੀ ਤਿਆਰੀ ਨਾ ਹੋਣ ਬਰਾਬਰ ਸੀ ਅਤੇ ਸਾਡੇ ਦੁਸ਼ਮਣਾ ਵਿਚੋਂ ਇੱਕ-ਅੱਧ ਦੀ ਗੱਦਾਰੀ ਵੀ ਸਾਨੂੰ ਬਚਾ ਨਾ ਸਕਦੀ।"

ਸਿੱਖ ਸਿਪਾਹੀਆਂ ਦੇ ਆਮ ਸੁਭਾਅ ਬਾਰੇ ਕਨਿੰਘਮ ਲਿਖਦਾ ਹੈ :

"ਹਰ ਸਿੱਖ ਇਸ ਕਾਰਜ ਨੂੰ ਆਪਣਾ ਸਮਝਦਾ ਸੀ। ਉਹ ਮਜ਼ਦੂਰ ਦਾ ਕੰਮ ਵੀ ਕਰਦਾ ਸੀ ਅਤੇ ਬੰਦੂਕ ਵੀ ਧਾਰਨ ਕਰਦਾ ਸੀ। ਉਹ ਤੋਪਾਂ ਖਿੱਚਦਾ, ਬੈਲ ਹਿੱਕਦਾ, ਸਾਰਬਾਨੀ ਕਰਦਾ ਅਤੇ ਚਾਂਈਂ-ਚਾਂਈਂ ਬੇੜੀਆਂ 'ਤੇ ਮਾਲ ਲੱਦਦਾ ਤੋਂ ਲਾਹੁੰਦਾ ਸੀ। ਇਸ ਦੇ ਮੁਕਾਬਲੇ ਤੇ ਅੰਗਰੇਜ਼ ਫ਼ੌਜ ਦੇ ਹਿੰਦੁਸਤਾਨੀ ਸਿਪਾਹੀ ਕੇਵਲ ਪੈਸੇ ਲਈ ਲੜ ਰਹੇ ਸਨ। ਸਿਪਾਹੀਆਂ ਦੀ ਰੁਚੀ ਅਤੇ ਇਨ੍ਹਾਂ ਭਾੜੇ ਦੇ ਟੱਟੂ ਸਿਪਾਹੀਆਂ ਦੀ ਲੜਨ ਲਈ ਕੋਈ ਖਾਸ ਰੁਚੀ ਨਹੀਂ ਸੀ। ਉਹ ਤਾਂ ਬੰਦ-ਦਿਲੀ ਨਾਲ ਵਿਖਾਵੇ ਦਾ ਹੁਕਮ ਪਾਲਦੇ ਸਨ। ਭਾਵੇਂ ਉਨ੍ਹਾਂ ਨੂੰ ਚੰਗੀ ਸਿਖਲਾਈ ਦਿੱਤੀ ਗਈ ਸੀ ਅਤੇ ਉਨ੍ਹਾਂ ਦੇ ਖਾਣ-ਪੀਣ ਵੱਲ ਖਾਸ ਧਿਆਨ ਦਿੱਤਾ ਜਾਂਦਾ ਸੀ; ਪਰੰਤੂ ਉਨ੍ਹਾਂ ਵਿੱਚ ਆਪਣੇ ਦੇਸ਼ ਜਾਂ ਆਪਣੇ ਬਿਦੇਸ਼ੀ ਹਾਕਮਾਂ ਲਈ ਉੱਕਾ ਹੀ ਕੋਈ ਸਦ-ਭਾਵਨਾ ਨਹੀਂ ਸੀ।"

ਲਾਲ ਸਿੰਘ ਦੀ ਫ਼ੌਜ ਵਿੱਚ ੧੮,੦੦੦ ਪੈਦਲ ਜੁਆਨ, ੧੬,੦੦੦ ਘੋੜ-ਸੁਆਰ ਅਤੇ ੮੫ ਤੋਪਾਂ ਸਨ। ਉਹ ੧੭ ਦਸੰਬਰ ੧੮੪੫ ਨੂੰ ਬਾਅਦ ਦੁਪਹਿਰ ੭,੦੦੦ ਜੁਆਨਾਂ ਨੂੰ ੨੦ ਤੋਪਾਂ ਨਾਲ ਫਿਰੋਜ਼ਪਰ ਦੀ ਨਿਗਰਾਨੀ ਤੇ ਦੇਖਭਾਲ

ਲਈ ਪਿੱਛੇ ਛੱਡ ਕੇ, ਆਪ ਮੁਦਕੀ ਵੱਲ ਟੁਰ ਪਿਆ। ਕੂਚ ਦੇ ਦੌਰਾਨ, ਜਾਣ-ਬੁਝ ਕੇ ਜਾਂ ਕਿਸੇ ਇਤਫ਼ਾਕ ਕਾਰਨ, ਫੌਜਾਂ, ਰਸਤਾ ਭੁੱਲ ਗਈਆਂ। ਸਾਰੀ ਰਾਤ ਘੁੰਮਦੇ-ਘੁਮਾਂਦੇ, ਉਹ ਅਗਲੇ ਭਲਕ ਮੁਦਕੀ ਦੀ ਥਾਂ ਫਿਰੋਜ਼ਸ਼ਾਹ ਜਾ ਪੁੱਜੀਆਂ। ਇਥੇ ਹੀ ਉਸ ਨੂੰ ਸੁਨੇਹਾ ਮਿਲਿਆ, ਕਿ ਗਵਰਨਰ ਜਨਰਲ ਮੁਦਕੀ ਪੁੱਜ ਗਿਆ ਹੈ। ਲਾਲ ਸਿੰਘ ਫਿਰੋਜ਼ਸ਼ਾਹ ਤੋਂ ਕੇਵਲ ਅੱਧੀ ਕੁ ਫ਼ੌਜ ਲੈ ਕੇ ਝੂਠ-ਮੂਠ ਦਾ ਇਹ ਬਹਾਨਾ ਬਣਾ ਕੇ ਟੁਰ ਪਿਆ, ਕਿ ਬਾਕੀ ਦੀ ਅੱਧੀ ਫ਼ੌਜ ਦੀ ਲੋੜ ਸ਼ਾਇਦ ਤੇਜ ਸਿੰਘ ਨੂੰ ਪਵੇ। ਅਜਿਹੇ ਦਗੇ, ਫ਼ਰੇਬ ਤੇ ਗੱਦਾਰੀ ਵਾਲੇ ਹਾਲਾਤ ਦੇ ਅਧੀਨ ਮੁਦਕੀ ਦੀ ਲੜਾਈ ਸ਼ੁਰੂ ਹੋਈ ਜਿਸ ਬਾਰੇ ਕਨਿੰਘਮ ਲਿਖਦਾ ਹੈ :

> "ਹਮਲਾ ਕਰਨ ਵੇਲੇ ਲਾਲ ਸਿੰਘ ਫੌਜਾਂ ਦਾ ਮੁਹਰੀ ਸੀ, ਪਰ ਮੂਲ ਤੇ ਗਿਣੀ-ਮਿਥੀ ਸਾਜ਼ਸ਼ ਅਨੁਸਾਰ ਉਹ ਫ਼ੌਜਾਂ ਦੀ ਮੁੱਠ-ਭੇੜ ਕਰਵਾ ਕੇ ਤੇ ਅੰਗਰੇਜ਼ ਦੁਸ਼ਮਣ ਨਾਲ ਉਲਝਾ ਕੇ ਆਪ ਉਨ੍ਹਾਂ ਨੂੰ ਛੱਡ ਗਿਆ, ਤਾਂ ਜੋ ਜਿਵੇਂ ਉਨ੍ਹਾਂ ਦੀ ਮਰਜੀ ਹੋਵੇ, ਆਪਣੀ ਬੇ-ਮੁਹਾਰੀ ਬਹਾਦਰੀ ਦੇ ਜੋਹਰ ਪਏ ਵਖਾਉਣ।"

ਇਹ ਲੜਾਈ ਦੋ ਘੰਟਿਆਂ ਤੋਂ ਵੀ ਘੱਟ ਸਮੇਂ ਲਈ ਜਾਰੀ ਰਹੀ, ਜਿਸ ਵਿੱਚ ਲਾਰਡ ਹਿਊ ਗਫ਼ ਦੇ ਸ਼ਬਦਾਂ ਅਨੁਸਾਰ— "ਸਿੱਖ ਆਪਣਾ ਸਭ ਕੁਝ ਦਾਊ ਤੇ ਲਾ ਕੇ ਖੂਬ ਲੜੇ।"

ਇਸ ਲੜਾਈ ਦੇ ਥੋੜ੍ਹੇ ਸਮੇਂ ਨੂੰ ਮੁੱਖ ਰੱਖਦਿਆਂ ਨਿਸ਼ਚੇ ਹੀ ਅੰਗਰੇਜ਼ਾਂ ਦਾ ਭਾਰੀ ਨੁਕਸਾਨ ਹੋਇਆ ਜਾਪਦਾ ਸੀ— ਜਨਰਲ ਸਰ ਰਾਬ੍ਰਟ ਸੇਲ, ਸਰ ਜਾਸਫ਼ ਮੈਕਗਾਸਕਿਲ ਅਤੇ ਗਵਰਨਰ ਜਨਰਲ ਦੇ ਦੋ ਏ.ਡੀ. (ਅੰਗ-ਰੱਖਿਅਕ) ਇਸ ਲੜਾਈ ਵਿੱਚ ਬੁਰੀ ਤਰ੍ਹਾਂ ਮਾਰੇ ਗਏ। ਲੜਾਈ ਮੁੱਕਣ ਪੁਰ ਸਿੱਖ ਫ਼ੌਜਾਂ ਅੱਧੀ ਰਾਤ ਤਾਈਂ ਫਿਰੋਜ਼ਸ਼ਾਹ ਪਰਤ ਗਈਆਂ ਸਨ।

ਫਿਰੋਜ਼ਸ਼ਾਹ ਦੀ ਲੜਾਈ ਬਾਰੇ, ਜੋ ੨੧ ਦਸੰਬਰ, ੧੮੪੫ ਦੀ ਸ਼ਾਮ ਨੂੰ ਸ਼ੁਰੂ ਹੋਈ ਅਤੇ ਜਿਸ ਵਿੱਚ ਗਵਰਨਰ ਜਨਰਲ ਲਾਰਡ ਹਾਰਡਿੰਗ ਨੇ (ਜੋ ਨੈਪੋਲੀਅਨ ਦੇ ਜੇਤੂਆਂ ਵਿੱਚ ਸੀ ਅਤੇ ਜਿਸ ਨੂੰ ਪ੍ਰਾਇਦੀਪ ਜੰਗਾਂ ਦਾ ਚੰਗਾ ਤਜਰਬਾ ਸੀ) ਆਪਣੀ ਪ੍ਰਥਮ ਪਦਵੀ ਤਿਆਗ ਕੇ ਆਪਣੇ ਕਮਾਂਡਰ-ਇਨ-ਚੀਫ਼ ਲਾਰਡ ਗਫ ਦੇ ਅਧੀਨ ਇਸ ਘਮਸਾਨ ਦੀ ਲੜਾਈ ਵਿੱਚ ਦੂਜੇ ਅਸਥਾਨ ਤੇ ਲੜਨਾ ਪ੍ਰਵਾਨ ਕੀਤਾ (ਅਤੇ) ਜਿਸ ਵਿੱਚ ਲਾਰਡ ਹਾਰਡਿੰਗ ਦੇ ਸਟਾਫ ਦਾ ਹਰੇਕ ਮੈਂਬਰ ਜਾਂ ਤਾਂ

ਮਾਰਿਆ ਗਿਆ ਜਾਂ ਫਿਰ ਫੱਟੜ ਹੋ ਗਿਆ। ਕਨਿੰਘਮ ਲਿਖਦਾ ਹੈ :

"ਅਨ੍ਹੇਰੇ ਅਤੇ ਦੁਸ਼ਮਣ (ਸਿੱਖ ਫ਼ੌਜ) ਦੇ ਸਿਰੜ ਨੇ ਅੰਗਰੇਜ਼ਾਂ ਵਿੱਚ ਭਗਦੜ ਮਚਾ ਦਿੱਤੀ। ਸਾਰੀਆਂ ਰੈਜਮੈਂਟਾਂ ਦੇ ਫ਼ੌਜੀ ਤੇ ਉਨ੍ਹਾਂ ਦੇ ਹਥਿਆਰ ਆਪਸ ਵਿੱਚ ਰਲਗੱਡ ਹੋ ਗਏ; ਜਰਨੈਲਾਂ ਨੂੰ ਆਪਣੀ ਥੋੜ੍ਹੀ ਬਹੁਤ ਸਫਲਤਾ ਉਤੇ ਵੀ ਸ਼ੱਕ ਹੋਣ ਲੱਗਾ। ਕਰਨੈਲਾਂ ਨੂੰ ਇਸ ਗੱਲ ਦਾ ਕੋਈ ਥਹੁ-ਥਿਤਾ ਹੀ ਨਾ ਰਿਹਾ, ਕਿ ਉਨ੍ਹਾਂ ਅਧੀਨ ਰੈਜਮੈਂਟਾਂ ਜਾਂ ਪੂਰੀ ਫ਼ੌਜ ਨਾਲ ਕੀ ਵਾਪਰੀ ਤੇ ਕਿਵੇਂ ਬੀਤੀ।"

ਉਹ ਅੱਗੇ ਚੱਲ ਕੇ ਲਿਖਦਾ ਹੈ :

"ਉਹ ਭੁੱਲਣ ਵਾਲੀ ਰਾਤ ਨਹੀਂ ਸੀ। ਉਸ ਸਮੇਂ ਅੰਗਰੇਜ਼ਾਂ ਹੱਥੋਂ ਉਹ ਧਰਤ ਖੁਸਦੀ ਜਾਪਦੀ ਸੀ। ਉਨ੍ਹਾਂ ਕੋਲ ਰੱਖਿਆ ਲਈ ਕੋਈ ਫ਼ੌਜ ਬਾਕੀ ਨਹੀਂ ਸੀ, ਜਦੋਂ ਕਿ ਦੁਸ਼ਮਣ ਦੂਜੀ ਫ਼ੌਜ ਦੀ ਵਰਤੋਂ ਕਰ ਰਿਹਾ ਸੀ ਅਤੇ ਬਹੁ-ਗਿਣਤੀ ਨਾਲ ਲੜਾਈ ਫਿਰ ਛੇੜ ਸਕਦਾ ਸੀ। ਫਿਰੋਜ਼ਪੁਰ ਵੱਲ ਪਿੱਛੇ ਹਟਣ ਦਾ ਜੋ ਵਿਚਾਰ ਬਣਾਇਆ ਗਿਆ, ਉਹ ਕੋਈ ਬੇ-ਸਮਝੀ ਵਾਲਾ ਨਹੀਂ ਸੀ। ੨੨ ਦਸੰਬਰ ਦੀ ਸਵੇਰ ਨੂੰ ਬਚੇ-ਖੁਚੇ ਸਿੱਖ ਸਿਪਾਹੀਆਂ ਨੂੰ ਕੈਂਪਾਂ ਵਿਚੋਂ ਖੁਦੇੜ ਦਿੱਤਾ ਗਿਆ, ਪਰ ਦੁਪਹਿਰ ਹੋਣ ਤੱਕ ਉਨ੍ਹਾਂ ਦੀ ਫ਼ੌਜ ਦਾ ਦੂਜਾ ਹਿੱਸਾ ਲੜਨ ਲਈ ਅੱਗੇ ਆ ਵਧਿਆ। ਥੱਕੇ-ਟੁੱਟੇ ਅੰਗਰੇਜ਼ਾਂ ਨੂੰ ਹੁਣ ਇਹ ਲੜਾਈ ਨਿਸਫਲ ਅਤੇ ਖਤਰਨਾਕ ਭਾਸਦੀ ਸੀ। ਇਸ ਦਸਤੇ ਦੀ ਕਮਾਨ ਤੇਜ ਸਿੰਘ ਕੋਲ ਸੀ, ਜਿਸ ਨੂੰ ਉਸ ਦੇ ਜੁਸ਼ੀਲੇ ਅਤੇ ਵਫ਼ਾਦਾਰ ਜੁਆਨਾਂ ਨੂੰ ਅੰਗਰੇਜ਼ਾਂ ਉਤੇ ਦਿਨ ਚੜ੍ਹਦੇ ਸਾਰ ਹੀ ਟੁੱਟ ਪੈਣ ਲਈ ਜ਼ੋਰ ਦਿੱਤਾ ਸੀ, ਪਰ ਉਸ ਦਾ ਮੰਤਵ ਤਾਂ ਭਿਅੰਕਰ ਖਾਲਸਾ ਫ਼ੌਜ ਨੂੰ ਹਰਾਉਣਾ, ਖਿੰਡਾਉਣਾ ਤੇ ਨਸ਼ਟ ਕਰਨਾ ਸੀ। ਇਸ ਲਈ ਉਸ ਨੇ ਉਤਨਾਂ ਚਿਰ ਜਾਣ-ਬੁਝ ਕੇ ਦੇਰੀ ਕਰ ਦਿੱਤੀ, ਜਦੋਂ ਤੱਕ ਕਿ ਲਾਲ ਸਿੰਘ ਦੀ ਸਾਰੀ ਫ਼ੌਜ ਭਾਂਜ ਨਾ ਖਾ ਜਾਂਦੀ ਤੇ ਉਸ ਦੇ ਵਿਰੋਧੀ ਅੰਗਰੇਜ਼ ਆਪਣੀਆਂ ਫ਼ੌਜਾਂ ਸਮੇਤ ਫੇਰ ਨਾ ਸੰਗਠਨ ਤੇ ਸਥਿਤ ਹੋ ਜਾਂਦੇ।

ਅਖੀਰਲੀ ਘੜੀ ਵੀ ਤੇਜ ਸਿੰਘ ਕੇਵਲ ਮੁੱਠ-ਭੇੜ ਕਰਨ ਦਾ ਝੂਠ-ਮੂਠ ਵਿਖਾਵਾ ਹੀ ਕਰਦਾ ਰਿਹਾ, ਉਸ ਨੇ ਆਪਣੀ ਫ਼ੌਜ ਨਾਲ ਡੱਟ ਕੇ ਲੜਨ ਦਾ ਕੋਈ ਨਿਸ਼ਚਾ ਨਾ ਕੀਤਾ ਅਤੇ ਕੁਝ ਚਿਰ ਪਿਛੋਂ ਉਹ

ਆਪਣੇ ਅਧੀਨ ਸਿਪਾਹੀਆਂ ਨੂੰ ਬਿਨਾਂ ਕਿਸੇ ਕਮਾਨ ਜਾਂ ਮਨੋਰਥ ਦੇ ਛੱਡ ਕੇ ਨੱਠ ਉਠਿਆ। ਇਹ ਉਹ ਨਾਜ਼ਕ ਘੜੀ ਸੀ, ਜਦ ਅੰਗਰੇਜ਼ਾਂ ਦਾ ਤੋਪਖਾਨਾ ਵੀ ਜਵਾਬ ਦੇ ਚੁਕਾ ਸੀ ਅਤੇ ਉਨ੍ਹਾਂ ਦੀਆਂ ਫ਼ੌਜਾਂ ਫਿਰੋਜ਼ਪੁਰ ਵੱਲ ਨੂੰ ਪਿਛਾਂਹ ਹਟ ਰਹੀਆਂ ਸਨ ਅਤੇ ਜੇਕਰ ਸਿੱਖ ਉਸ ਸਮੇਂ ਅਗਾਂਹ ਨੂੰ ਹੱਲਾ ਕਰਦੇ ਵਧ ਜਾਂਦੇ, ਤਾਂ ਅੰਗਰੇਜ਼ਾਂ ਦੀ ਪਿੱਛੇ ਰਹੀ ਫ਼ੌਜ ਹਰ ਸੰਭਵ ਕੋਸ਼ਿਸ਼ ਦੇ ਬਾਵਜੂਦ ਵੀ ਬਚ ਕੇ ਨਾ ਨਿਕਲ ਸਕਦੀ।"

ਕਰਨਲ ਜੀ.ਬੀ. ਮੈਲੀਸਨ ਲਿਖਦਾ ਹੈ :

"ਉਸ ਸਮੇਂ ਵਧੇਰੇ ਅੰਗਰੇਜ਼ੀ ਫ਼ੌਜ ਵਿੱਚ ਹਫੜਾ-ਦਫੜੀ ਮਚ ਗਈ। ਇੱਕ ਕਮਾਨ ਅਫਸਰ ਤੋਂ ਮੂੰਹੋਂ 'ਭਾਰਤ ਗਿਆ' ਦੀ ਆਵਾਜ਼ ਸੁਣੀ ਗਈ, ਜਿਸਨੇ ਆਪਣੇ ਸਾਥੀਆਂ ਨੂੰ ਫਿਰ ਇਕੱਠੇ ਕਰਨ ਦਾ ਨਿਸਫਲ ਯਤਨ ਕੀਤਾ। ਖ਼ਾਲਸਾ ਫ਼ੌਜ ਉਤੇ ਖੱਬੇ ਪਾਸੇ ਦਾ ਹਮਲਾ ਇੰਨੀ ਬੁਰੀ ਤਰ੍ਹਾਂ ਨਾਕਾਮ ਸਾਬਤ ਹੋਇਆ ਸੀ ਕਿ ਫਿਰ ਦੁਬਾਰਾ ਨਾ ਕੀਤਾ ਜਾ ਸਕਿਆ। ਸਿੱਖ ਫ਼ੌਜ ਨੇ ਅੰਗਰੇਜ਼ਾਂ ਦਾ ਮੂੰਹ ਭੰਨ ਦਿੱਤਾ। ਉਨ੍ਹਾਂ ਨੇ ਲਿਟਲਰ ਨੂੰ ਪਿੱਛੇ ਭਜਾ ਦਿੱਤਾ, ਸਮਿਥ ਨੂੰ ਪਿਛਾਂਹ ਹਟਣ ਤੇ ਮਜਬੂਰ ਕਰ ਦਿੱਤਾ, ਗਿਲਬਰਟ ਨੂੰ ਵੀ ਉਸ ਦੀ ਪ੍ਰਾਪਤ ਕੀਤੀ ਸਥਿਤੀ ਨੂੰ ਛੱਡਣ ਲਈ ਮਜਬੂਰ ਕਰ ਦਿੱਤਾ ਅਤੇ ਸਾਰੀ ਅੰਗਰੇਜ਼ੀ ਫ਼ੌਜ ਵਿੱਚ ਖਲਬਲੀ ਮਚਾ ਦਿੱਤੀ। ਇਸ ਪੁਰ ਲੋਹੜਾ ਇਹ, ਕਿ ਉਨ੍ਹਾਂ ਪਾਸਾ ਹਾਲੀਂ ਵੀ ਤੇਜ ਸਿੰਘ ਅਧੀਨ ਦਸ ਹਜ਼ਾਰ ਫ਼ੌਜ ਤਿਆਰ ਖਲੋਤੀ ਸੀ। ਜੇ ਕਰ ਉਸ ਸਮੇਂ ਕੋਈ ਸਿਆਣਾ ਆਗੂ ਸਿੱਖ ਫ਼ੌਜ ਨੂੰ ਯੋਗ ਹਦਾਇਤਾਂ ਦੇ ਸਕਦਾ ਤਾਂ ਥੱਕੀ ਹਾਰੀ ਅੰਗਰੇਜ਼ੀ ਫ਼ੌਜ ਨੂੰ ਕੋਈ ਸ਼ਕਤੀ ਵੀ ਨਾ ਬਚਾ ਸਕਦੀ ਤੇ ਉਸ ਨੂੰ ਸਿਰ ਲੁਕਾਉਣ ਲਈ ਵੀ ਥਾਂ ਨਾ ਮਿਲਦੀ।"

ਸਰ ਰਾਬਰਟ ਕਸਟ ਉਸ ਲੜਾਈ ਵਿੱਚ ਮੌਜੂਦ ਸੀ। ਉਸ ਦੀ ਡਾਇਰੀ ਵਿੱਚ ਨਿਮਨ ਲਿਖਤ ਅੰਦਰਾਜ ਮਿਲਦਾ ਹੈ :

"੨੨ ਦਸੰਬਰ : ਗਵਰਨਰ ਜਨਰਲ ਤੋਂ ਖ਼ਬਰ ਪਹੁੰਚੀ ਹੈ ਕਿ ਸਾਡਾ ਕਲ੍ਹ ਦਾ ਹਮਲਾ ਅਸਫਲ ਹੋ ਗਿਆ ਸੀ ਅਤੇ ਹਾਲਾਤ ਗੰਭੀਰ

ਹਨ; ਅਤੇ ਇਹ ਕਿ ਸਾਰੇ ਸਰਕਾਰੀ ਕਾਗਜ਼ ਜ਼ਾਇਆ ਕਰ ਦਿੱਤੇ ਜਾਣ। ਨਾਲ ਹੀ ਇਹ, ਕਿ ਜੇ ਕਰ ਸਵੇਰ ਦਾ ਹਮਲਾ ਵੀ ਅਸਫਲ ਹੋਇਆ ਤਾਂ ਸਮਝਣਾ ਕਿ ਸਭ ਕੁਝ ਖ਼ਤਮ ਹੋ ਜਾਵੇਗਾ। ਇਹ ਖ਼ਬਰ ਮਿਸਟਰ ਕਰੀ ਨੇ ਗੁਪਤ ਹੀ ਰੱਖੀ। ਗਵਰਨਰ ਜਨਰਲ ਨੇ ਇਹ ਵੀ ਲਿਖਿਆ ਕਿ ਉਹ ਜ਼ਖਮੀਆਂ ਨੂੰ ਬਚਾਉਣ ਲਈ ਬਿਨਾਂ ਸ਼ਰਤ ਹਥਿਆਰ ਸੁੱਟਣ ਦੇ ਪ੍ਰਬੰਧ ਕਰ ਰਹੇ ਹਨ। ਖ਼ਬਰ ਦਾ ਇਹ ਹਿੱਸਾ ਸੁਣ ਕੇ ਮੈਨੂੰ ਬੇਹੱਦ ਦੁੱਖ ਹੋਇਆ।"

ਜਨਰਲ ਸਰ ਹੋਪ ਇਨ੍ਹਾਂ ਲੜਾਈਆਂ ਵਿੱਚ ਖ਼ੁਦ ਲੜਿਆ ਸੀ, ਉਹ ਲਿਖਦਾ ਹੈ :

"ਸਰ ਹਾਰਡਿੰਗ ਦਾ ਖਿਆਲ ਸੀ, ਕਿ ਹੁਣ ਲੜਨਾ ਅਸੰਭਵ ਹੈ; ਮਾਮਲਾ ਖਤਮ ਹੈ, ਇਸ ਲਈ ਉਸ ਨੂੰ ਆਪਣੀ ਤਲਵਾਰ (ਜੋ ਡਿਊਕ ਆਫ਼ ਵਲਿੰਗਟਨ ਵਲੋਂ ਤੋਹਫ਼ੇ ਦੇ ਤੌਰ ਤੇ ਮਿਲੀ ਸੀ ਅਤੇ ਕਦੀ ਉਹ ਨੈਪੋਲੀਅਨ ਦੀ ਹੁੰਦੀ ਸੀ, ਸਮੇਤ 'ਸਟਾਰ ਆਫ਼ ਦੀ ਬਾਥ' ਤਮਗੇ ਦੇ) ਆਪਣੇ ਪੁੱਤਰ ਨੂੰ ਦੇ ਦਿੱਤੀ ਅਤੇ ਉਸ ਨੂੰ ਫਿਰੋਜ਼ਪੁਰ ਚਲੇ ਜਾਣ ਦੀ ਹਦਾਇਤ ਕੀਤੀ ਤੇ ਕਿਹਾ ਕਿ ਜੇ ਅੱਜ ਅਸੀਂ ਹਾਰ ਗਏ ਤਾਂ ਉਹ ਵੀ ਅਵੱਸ਼ ਨਾਲ ਹੀ ਮਰੇਗਾ।"

ਵਿਲੀਅਮ ਐਡਵਰਡਜ਼ ਲਿਖਦਾ ਹੈ :

"ਜੇ ਉਹ (ਸਿੱਖ) ਰਾਤ ਨੂੰ ਅਗਾਂਹ ਵਧ ਆਉਂਦੇ ਤਾਂ ਇਸ ਦਾ ਨਤੀਜਾ ਸਾਡੀ ਤਬਾਹੀ ਸੀ, ਕਿਉਂਕਿ ਯੂਰਪੀਨ ਰੈਜਮੈਂਟਾਂ ਦੀ ਨਫ਼ਰੀ ਬਹੁਤ ਘੱਟ ਰਹਿ ਗਈ ਸੀ ਅਤੇ ਸਾਡੇ ਤੋਪਖਾਨੇ ਤੇ ਛੋਟੇ ਹਥਿਆਰਾਂ ਦਾ ਬਾਰੂਦ ਲਗਭਗ ਖਤਮ ਹੋ ਚੁਕਾ ਸੀ।"

ਵਿਲੀਅਮ ਐਡਵਰਡਜ਼ ਬਰਤਾਨਵੀ ਸਰਕਾਰ ਦਾ ਅਧੀਨ-ਸਕੱਤਰ ਸੀ। ਉਹ ਉਪਰੋਕਤ ਲੜਾਈਆਂ ਵਿੱਚ ਗਵਰਨਰ ਜਨਰਲ ਦੇ ਨਾਲ ਸੀ। ਉਹ ਕਹਿੰਦਾ ਹੈ, ਕਿ ਫਿਰੋਜ਼ਸ਼ਾਹ ਦੀ ਲੜਾਈ ਦੇ ਝੱਟ ਕੁ ਪਿਛੋਂ ਲਾਰਡ ਹਾਰਡਿੰਗ ਨੇ ਉਸ ਨੂੰ ਦੱਸਿਆ ਸੀ ਕਿ :

"ਸਿੱਖਾਂ ਦੇ ਤੋਪਖਾਨੇ ਦੀ ਮਾਰ ਐਲਬਿਊਰਾ ਦੀ ਜੰਗ ਨਾਲੋਂ ਵੀ ਵਧੇਰੇ ਭਿਆਨਕ ਸੀ, ਕਿਉਂਕਿ ਸਿੱਖਾਂ ਦੀਆਂ ਤੋਪਾਂ ਦੀ ਮਾਰ ਕਿਸੇ ਵੀ

ਯੂਰਪੀ ਜੰਗ ਵਿੱਚ ਵਰਤੀਆਂ ਗਈਆਂ ਤੋਪਾਂ ਨਾਲੋਂ ਤਿੰਨ ਗੁਣਾਂ ਵਧੇਰੇ ਸੀ।"

ਇਸ ਲੜਾਈ ਤੋਂ ਝੱਟ ਪਿਛੋਂ, ਤੇਜ ਸਿੰਘ ਗਵਰਨਰ ਜਨਰਲ ਨੂੰ ਮਿਲਿਆ। ਗਵਰਨਰ ਜਨਰਲ ਨੇ ਉਸ ਨਾਲ ਕੋਈ ਵੀ ਗੱਲਬਾਤ ਉਦੋਂ ਤੱਕ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ, ਜਦੋਂ ਤਕ ਕਿ ਅੰਗਰੇਜ਼ਾਂ ਦਾ ਲਾਹੌਰ ਉਤੇ ਕਬਜ਼ਾ ਨਹੀਂ ਹੋ ਜਾਂਦਾ। ਤੇਜ ਸਿੰਘ ਨੇ ਵਾਅਦਾ ਕੀਤਾ ਕਿ ਉਹ ਅਜਿਹਾ ਕਬਜ਼ਾ ਛੇਤੀ ਹੀ ਕਰਵਾ ਦੇਵੇਗਾ।

ਅੰਗਰੇਜ਼ਾਂ ਅਤੇ ਗੱਦਾਰਾਂ ਵਿਚਕਾਰ ਅਗਲੀ ਵਿਸਾਹ-ਘਾਤੀ ਗੱਲਬਾਤ ਅਤੇ ਖੁਫ਼ੀਆ ਸਮਝੌਤਾ ਫਰਵਰੀ ੧੮੪੬ ਵਿੱਚ ਹੋਇਆ। ਵਿਲੀਅਮ ਐਡਵਰਡਜ਼ ਲਿਖਦਾ ਹੈ ਕਿ :

"ਲਾਲ ਸਿੰਘ ਦੇ ਏਲਚੀ ਆਏ ਅਤੇ ਉਨ੍ਹਾਂ ਨੇ ਸਾਨੂੰ ਦੁਸ਼ਮਣ ਦੀ ਸਥਿਤੀ ਬਾਰੇ ਬੜੀ ਕੀਮਤੀ ਸੂਚਨਾ ਦਿੱਤੀ।"

ਗਰਿਫਨ ਅਨੁਸਾਰ, ਤੇਜ ਸਿੰਘ ਨੇ ਸਭਰਾਉਂ ਦੀ ਲੜਾਈ ਵਿੱਚ ਪਹਿਲੇ ਅੰਗਰੇਜ਼ੀ ਹਮਲੇ ਸਮੇਂ ਬਹਾਦਰ ਯੋਧੇ ਸ਼ਾਮ ਸਿੰਘ ਅਟਾਰੀ ਵਾਲੇ ਨੂੰ ਵੀ ਆਪਣੇ ਨਾਲ ਭੱਜਣ ਦੀ ਸਲਾਹ ਦਿੱਤੀ। ਸਭਰਾਉਂ ਦੀ ਲੜਾਈ ਵਿੱਚ ਕਨਿੰਘਮ ਮੌਜੂਦ ਸੀ, ਉਹ ਲਿਖਦਾ ਹੈ :

"ਬਰਤਾਨਵੀ ਸ਼ੁਹਰਤ ਤੇ ਵਕਾਰ ਲਈ ਲਾਹੌਰ ਦੀ ਫ਼ਸੀਲ ਹੇਠ ਮਨਮਾਨੀ ਸੰਧੀ ਦਾ ਤੁਰਤ-ਫੁਰਤ ਲਿਖਵਾਇਆ ਜਾਣਾ ਅਤਿ ਜ਼ਰੂਰੀ ਸੀ ਅਤੇ ਦੋਹਾਂ ਧਿਰਾਂ ਦੇ ਪੱਖ ਪਰਸਪਰ ਸਮਝ ਸਮਝਾ ਲਏ ਗਏ ਸਨ, ਅੰਦਰਖਾਨੇ ਤੈਅ ਇਹ ਹੋਇਆ ਸੀ, ਕਿ ਸਿੱਖ ਫ਼ੌਜ ਉਪੱਰ ਅੰਗਰੇਜ਼ ਹਮਲਾ ਕਰਨਗੇ ਅਤੇ ਜਦ ਸਿੱਖ ਹਾਰ ਜਾਣ ਤਾਂ ਸਿੱਖਾਂ ਦੀ ਆਪਣੀ ਸਰਕਾਰ ਹੀ ਉਨ੍ਹਾਂ ਨੂੰ ਤਿਲਾਂਜਲੀ ਦੇ ਦੇਵੇਗੀ। (ਸਿੱਖ ਨਖਸਮੇ ਛੱਡ ਦਿੱਤੇ ਜਾਣ) ਅਤੇ ਇਹ ਕਿ ਸਤਲੁਜ ਪਾਰ ਕਰਨ ਵਿੱਚ ਅੰਗਰੇਜ਼ਾਂ ਦਾ ਕੋਈ ਵਿਰੋਧ ਨਾ ਹੋਵੇ; ਅਤੇ ਵਿਜੈਤਿਆਂ ਲਈ ਰਾਜਧਾਨੀ ਲਾਹੌਰ ਤੱਕ ਦੀ ਸੜਕ ਖੁੱਲ੍ਹੀ ਛੱਡ ਦਿੱਤੀ ਜਾਵੇ। ਅਜਿਹੀ ਸਿਆਣੀ ਤੇ ਗੰਭੀਰ ਨੀਤੀ ਅਤੇ ਕਮੀਨੀ ਗੱਦਾਰੀ ਵਰਗੇ ਹਾਲਾਤ ਵਿੱਚ ਸਭਰਾਉਂ ਦੀ ਲੜਾਈ ਲੜੀ ਗਈ।"

ਇਸੇ ਲੜਾਈ ਬਾਰੇ ਐਡਵਰਡਜ਼ ਕਹਿੰਦਾ ਹੈ ਕਿ :

"ਸਿੱਖਾਂ ਨੇ ਪੂਰੀ ਬਹਾਦਰੀ ਨਾਲ ਸਿਰ-ਤੋੜ ਟਾਕਰਾ ਕੀਤਾ, ਪਰ ਉਨ੍ਹਾਂ ਨੂੰ ਦਰਿਆ ਵਾਲੇ ਪਾਸੇ ਧੱਕ ਦਿੱਤਾ ਗਿਆ ਅਤੇ ਜਦ ਲੜਾਈ ਨੇ ਰਤਾ ਜ਼ੋਰ ਫੜਿਆ (ਮੁੱਠਭੇੜ ਗਰਮ ਹੋਈ) ਤਾਂ ਉਨ੍ਹਾਂ ਦੇ ਆਗੂਆਂ ਰਾਜਾ ਲਾਲ ਸਿੰਘ ਤੇ ਤੇਜ ਸਿੰਘ ਨੇ ਪਹਿਲੀ ਗਿਣੀ-ਮਿਥੀ ਸਾਜ਼ਿਸ਼ ਅਧੀਨ ਬੇੜੀਆਂ ਦਾ ਪੁਲ ਤੋੜ ਦਿੱਤਾ; ਹਾਂ ਉਨ੍ਹਾਂ ਇਤਨੀ ਇਹਤਿਯਾਤ ਜ਼ਰੂਰ ਵਰਤੀ ਕਿ ਆਪ ਉਹ ਪਹਿਲਾਂ ਦਰਿਆ ਪਾਰ ਕਰਕੇ ਪਾਰਲੇ ਕੰਢੇ ਚਲੇ ਗਏ। ਉਨ੍ਹਾਂ ਦਾ ਮੰਤਵ ਤੇ ਇਰਾਦਾ ਸਪੱਸ਼ਟ ਸੀ ਕਿ ਜਿੰਨੀ ਛੇਤੀ ਸੰਭਵ ਹੋਵੇ, ਇਸ ਭਿਅੰਕਰ ਤੇ ਘਿਰਣਤ ਸਿੱਖ ਫ਼ੌਜ ਦਾ ਖਾਤਮਾ ਕੀਤਾ ਜਾਵੇ।"

ਹੋਰ ਵੇਖੋ, ਸਮਿਥ ਲਿਖਦਾ ਹੈ :

"ਭਾਵੇਂ ਸਿੱਖਾਂ ਦੇ ਆਗੂ ਬੜੀ ਕਮੀਨਗੀ ਤੇ ਬੇ-ਸ਼ਰਮੀ ਨਾਲ ਸਿੱਖ ਫ਼ੌਜਾਂ ਨੂੰ ਦਗ਼ਾ ਦੇ ਗਏ ਸਨ ਅਤੇ ਇਹ ਗੱਲ ਵੀ ਸਹੀ ਤੇ ਸੱਚੀ ਹੀ ਜਾਪਦੀ ਹੈ ਕਿ ਉਹ ਆਗੂ ਸਾਡੇ (ਅੰਗਰੇਜ਼ਾਂ) ਨਾਲ ਅੰਦਰਖਾਨੇ ਗੁਪਤ ਸਮਝੌਤਾ ਕਰੀ ਬੈਠੇ ਸਨ; ਫਿਰ ਵੀ ਸਿੱਖ ਫ਼ੌਜੀ ਅਤੇ ਦਸਤੇ ਬਹਾਦਰਾਂ ਤੇ ਸੂਰਮਿਆਂ ਵਾਂਗ ਲੜੇ।"[੧੪]

ਪੰਜਾਬੀ ਕਵੀ ਸ਼ਾਹ ਮੁਹੰਮਦ ਨੇ ਇਸ ਦ੍ਰਿਸ਼ ਨੂੰ ਬਹੁਤ ਖੂਬ ਚਿਤਰਿਆ ਹੈ :

ਆਈਆਂ ਪਲਟਨਾਂ ਬੀੜ ਕੇ ਤੋਪਖਾਨ,
   ਅੱਗੋਂ ਸਿੰਘਾਂ ਨੇ ਪਾਸੜੇ ਤੋੜ ਸੁੱਟੇ।
ਸੇਵਾ ਸਿੰਘ ਤੇ ਮਾਖੇ ਖਾਂ ਹੋਏ ਸਿੱਧੇ,
   ਹੱਲੇ ਤਿੰਨ ਫਿਰੰਗੀ ਦੇ ਮੋੜ ਸੁੱਟੇ।
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ,
   ਬੰਨ੍ਹ ਸ਼ਸਤਰੀਂ ਜੋੜ ਵਿਛੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
   ਵਾਂਗ ਨਿੰਬੂਆਂ ਲਹੂ ਨਿਚੋੜ ਸੁਟੇ ॥੯੦॥

ਹੈਸਕੈਥ ਪੀਅਰਸਨ ਕਹਿੰਦਾ ਹੈ ਕਿ :

"ਤੇਜ ਸਿੰਘ ਦੇ ਸੌਖੇ ਹੀ ਭੱਜ ਜਾਣ ਨਾਲ ਅੰਗਰੇਜ਼ਾਂ ਦੀ ਹਾਰ ਫਿਰ

ਜਿੱਤ ਵਿੱਚ ਬਦਲ ਗਈ। ਭੱਜਣ ਸਮੇਂ ਉਸ ਨੇ ਸਤਲੁਜ ਤੇ ਕਿਸ਼ਤੀਆਂ ਦਾ ਪੁਲ ਤਬਾਹ ਕਰ ਦਿੱਤਾ ਤੇ ਇਸ ਤਰ੍ਹਾਂ ਉਸ ਨੇ ਆਪਣੇ ਹੀ ਦੇਸ਼ਵਾਸੀਆਂ ਦੀ ਭਾਰੀ ਗਿਣਤੀ ਨੂੰ ਡੁਬ-ਮਰਨ ਜਾਂ ਡੋਬਣ ਵਿੱਚ (ਸਾਡੀ) ਮਦਦ ਕੀਤੀ।"

ਲਾਰਡ ਗਫ ਸਭਰਾਉਂ ਨੂੰ ਹਿੰਦੂਸਤਾਨ ਦਾ ਵਾਟਰਲੂ ਕਹਿੰਦਾ ਹੈ। ਉਹ ਸਿੱਖਾਂ ਨੂੰ ਹਾਰਦਿਕ ਸ਼ਰਧਾਂਜਲੀ ਭੇਟ ਕਰਦਿਆਂ ਲਿਖਦਾ ਹੈ :

"ਭਾਵੇਂ ਹਕੂਮਤ ਦੀ ਨੀਤੀ ਮੈਨੂੰ ਹਾਰੇ ਹੋਏ ਦੁਸ਼ਮਣ ਦੀ ਸ਼ਾਨਦਾਰ ਬਹਾਦਰੀ ਸੰਬੰਧੀ ਭਾਵਾਂ ਨੂੰ ਖੁੱਲ੍ਹਮ-ਖੁੱਲ੍ਹਾ ਅੰਕਿਤ ਕਰਨ ਦੀ ਆਗਿਆ ਨਹੀਂ ਦਿੰਦੀ ਤੇ ਨਾ ਹੀ ਇਸ ਗੱਲ ਦੀ ਇਜਾਜ਼ਤ ਦਿੰਦੀ ਹੈ, ਕਿ ਮੈਂ ਸਿੱਖ ਸਰਦਾਰਾਂ ਦੀ ਵਿਅਕਤੀਗਤ ਹੀ ਨਹੀਂ, ਸਗੋਂ ਸਮੂਹਕ ਤੌਰ ਤੇ ਦਰਸਾਈ ਗਈ ਸੂਰਮਗਤੀ ਨੂੰ ਲਿਖਤ ਵਿੱਚ ਲਿਆਵਾਂ ਪਰ ਮੈਂ ਫਿਰ ਵੀ ਐਲਾਨੀਆ ਕਹਿੰਦਾ ਹਾਂ ਕਿ ਜੇ ਕਰ ਮੇਰਾ ਇਹ ਯਕੀਨ ਨਾ ਹੁੰਦਾ ਕਿ ਮੇਰੇ ਮੁਲਕ ਦੀ ਭਲਾਈ ਅਜਿਹੀ ਕੁਰਬਾਨੀ ਦੀ ਮੰਗ ਕਰਦੀ ਹੈ, ਤਾਂ ਮੈਂ ਅਜਿਹੇ ਅਨਿੰਨ ਦੇਸ਼ ਸੇਵੀ ਵਫ਼ਾਦਾਰ ਬਹਾਦਰ ਆਦਮੀਆਂ ਦੇ ਭਿਆਨਕ ਤੇ ਅੰਧਾਧੁੰਦ ਕਤਲਾਮ ਨੂੰ ਵੇਖ ਦੇ ਜ਼ਾਰ-ਜ਼ਾਰ ਰੋਣੋਂ ਨਾ ਰਹਿ ਸਕਦਾ।"[੧੫]

ਲਾਰਡ ਗਫ਼ ਨੇ ਮਾਨੋ ਇਹ ਕਹਿ ਕੇ ਸਾਰੀ ਸਚਾਈ ਹੀ ਦੱਸ ਦਿੱਤੀ ਕਿ "ਇਹ ਗੱਲ ਪੱਕੀ ਹੈ ਕਿ ਜੇ ਕਰ ਅਜਿਹੇ ਵਫ਼ਾਦਾਰ ਸਿਪਾਹੀਆਂ ਦੀ ਕਮਾਨ ਇਨ੍ਹਾਂ ਕਮੀਨੇ ਗੱਦਾਰਾਂ ਹੱਥ ਨਾ ਹੁੰਦੀ ਤਾਂ ਇਹ (ਲੜਾਈ ਦੀ) ਕਹਾਣੀ ਹੋਰ ਹੀ ਢੰਗ ਵਿੱਚ ਕਹੀ ਜਾਂਦੀ।"

ਸ਼ਾਹ ਮੁਹੰਮਦ ਵੀ ਮਹਾਰਾਜਾ ਰਣਜੀਤ ਸਿੰਘ ਦੀ ਅਣਹੋਂਦ ਨੂੰ ਬਹੁਤ ਜ਼ਿਆਦਾ ਮਹਿਸੂਸ ਕਰਦਾ ਹੈ :

ਅੱਜ ਹੋਵੇ ਸਰਕਾਰ ਤਾਂ ਮੁਲ ਪਾਵੇ,
  ਜੇੜ੍ਹੀਆਂ ਖ਼ਾਲਸੇ ਨੇ ਤੇਗ਼ਾਂ ਮਾਰੀਆਂ ਨੀ ।...
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
  ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ ।੯੨।

ਗਵਰਨਰ ਜਨਰਲ ਨਾਲ ਖੁਫ਼ੀਆ ਸਮਝੌਤੇ ਅਨੁਸਾਰ ਅੰਗਰੇਜ਼ੀ ਫ਼ੌਜਾਂ ਦੀ

ਕੋਈ ਵਿਰੋਧਤਾ ਨਾ ਕੀਤੀ ਗਈ ਅਤੇ ਉਹ ੨੦ ਫ਼ਰਵਰੀ ੧੮੪੬ ਨੂੰ ਲਾਹੌਰ ਪਹੁੰਚ ਗਈਆਂ। ਦੋ ਦਿਨਾਂ ਮਗਰੋਂ ਇਹ ਫ਼ੌਜਾਂ ਕਿਲ੍ਹੇ ਦੇ ਇੱਕ ਹਿੱਸੇ ਵਿੱਚ ਬ੍ਰਿਟਿਸ਼ ਰੈਜਮੈਂਟ ਰੱਖਿਅਕ ਸੇਨਾ ਦੇ ਰੂਪ ਵਿੱਚ ਬੈਠ ਗਈਆਂ।

ਗੁਲਾਬ ਸਿੰਘ ਨੂੰ ਜੰਮੂ ਕਸ਼ਮੀਰ ਦੇਣ ਬਾਰੇ ਲਾਰਡ ਲਾਰੰਸ ਦਾ ਜੀਵਨੀਕਾਰ ਲਿਖਦਾ ਹੈ :

"ਅਤੇ ਅਤਿ ਇਤਰਾਜ਼ ਭਰੀ ਨੀਤੀ ਦੁਆਰਾ, ਜਿਸ ਬਾਰੇ ਪਹਿਲਾਂ ਹੀ ਨਿਰਣਾ ਹੋ ਚੁਕਾ ਸੀ ਅਤੇ ਜੋ ਉਦੋਂ ਤੋਂ ਹੀ ਅਭਾਗੇ ਕਸ਼ਮੀਰੀਆਂ ਉਤੇ ਅਨ-ਗਿਣਤ ਮੁਸੀਬਤਾਂ ਦਾ ਕਾਰਨ ਬਣ ਰਹੀ ਸੀ, ਇਹ ਇਲਾਕਾ (ਜੰਮੂ ਅਤੇ ਕਸ਼ਮੀਰ ਦਾ ਪਹਾੜੀ ਪ੍ਰਦੇਸ਼) ਡੋਗਰਾ ਰਾਜਪੂਤ ਗੁਲਾਬ ਸਿੰਘ ਨੂੰ ਦੇ ਦਿੱਤਾ ਗਿਆ। ਇਸ ਦੇ ਬਦਲੇ ਉਸ ਨੇ ਸਾਨੂੰ ਇੱਕ ਦਮ ਰਕਮ ਦੇ ਦਿੱਤੀ, ਜੋ ਉਸ ਨੇ ਲਾਹੌਰ ਦਰਬਾਰ ਵਿਚੋਂ ਹੀ ਚੋਰੀ ਕੀਤੀ ਸੀ; ਉਹ ਸਾਡਾ ਅਸਰ ਕਬੂਲਦਾ ਸੀ ਅਤੇ ਖਾਲਸਈ ਜੋਸ਼ ਨੂੰ ਅੱਗੋਂ ਉਬਾਲੇ ਵਿੱਚ ਆਉਣ ਤੋਂ ਰੋਕਣ ਵਿੱਚ ਸਾਡੀ ਸਹਾਇਤਾ ਕਰ ਸਕਦਾ ਸੀ।"

ਇਸ ਬਾਰੇ ਕਨਿੰਘਮ ਲਿਖਦਾ ਹੈ :

"ਇਹ ਸੌਦੇਬਾਜ਼ੀ ਅੰਗਰੇਜ਼ ਦੀ ਸ਼ੁਹਰਤ ਤੇ ਵਡਿਆਈ ਦੇ ਅਸਲੋਂ ਅਨੁਕੂਲ ਨਹੀਂ ਸੀ ਅਤੇ ਇਸ ਬਾਰੇ ਇਤਰਾਜ਼ ਹੋਰ ਵੀ ਗੰਭੀਰ ਹੋ ਜਾਂਦੇ ਹਨ, ਜਦੋਂ ਇਹ ਸੋਚਿਆ ਜਾਵੇ ਕਿ ਗੁਲਾਬ ਸਿੰਘ ਨੇ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਹੀ ਆਪਣੇ ਸ਼ਰੋਮਣੀ ਮਿਹਰਬਾਨ (ਮਹਾਰਾਜੇ) ਨੂੰ ਹੋਣ ਵਾਲੇ ਜੁਰਮਾਨੇ ਦਾ ੬੮ ਲੱਖ ਰੁਪਿਆ (੬,੮੦,੦੦੦ ਪੌਂਡ) ਅਦਾ ਕਰਨਾ ਮੰਨ ਲਿਆ ਸੀ। ਪੂਰਬ ਤੇ ਪੱਛਮ ਵਿੱਚ ਪ੍ਰਚੱਲਤ ਰਿਵਾਜ ਅਨੁਸਾਰ ਹਰ ਜਾਗੀਰਦਾਰ ਤੇ ਸਰਦਾਰ ਨੂੰ ਬਿਦੇਸ਼ੀ ਜੰਗਾਂ ਅਤੇ ਅੰਦਰੂਨੀ ਗੜਬੜ ਸਮੇਂ ਆਪਣੇ ਮਾਲਕ ਦੀ ਸਹਾਇਤਾ ਕਰਨੀ ਪੈਂਦੀ ਹੈ, ਇਸ ਤਰ੍ਹਾਂ ਗੁਲਾਬ ਸਿੰਘ ਨੂੰ ਚਾਹੀਦਾ ਸੀ, ਕਿ ਉਹ ਲਾਹੌਰ ਦੇ ਕਿਸੇ ਸੂਬੇ ਉਤੇ ਖੁਦਮੁਖਤਾਰ ਰਾਜੇ ਵਜੋਂ ਕਾਬਜ਼ ਹੋਣ ਦੀ ਬਜਾਏ, ਲਾਹੌਰ ਦੀ ਰਈਅਤ ਹੋਣ ਦੇ ਨਾਤੇ ੧੦ ਲੱਖ ਰੁਪਏ ਦਾ ਘਾਟਾ ਆਪ ਪੂਰਾ ਕਰਦਾ।"

ਲਾਲ ਸਿੰਘ ਨੂੰ ਉਸ ਦੀਆਂ ਸੇਵਾਵਾਂ ਬਦਲੇ ਪ੍ਰਧਾਨ ਮੰਤਰੀ ਦਾ ਪਹਿਲਾ ਪਦ ਦੇ ਦਿੱਤਾ ਗਿਆ ਅਤੇ ਤੇਜ ਸਿੰਘ ਨੂੰ ਇੱਕ ਰਸਮੀ ਦਰਬਾਰ ਵਿੱਚ ਰਾਜੇ ਦਾ ਖ਼ਿਤਾਬ ਪ੍ਰਦਾਨ ਕੀਤਾ ਗਿਆ।

ਇਨ੍ਹਾਂ ਮੁੱਖ ਗਦਾਰਾਂ ਬਾਰੇ ਸਰ ਕਲਾਡ ਵੇਡ ਨੇ ਲਿਖਿਆ ਹੈ :

"ਸਾਡੀ ਨੀਤੀ ਦੇ ਇਹ ਘੜੇ-ਘੜਾਏ ਹੱਥ-ਠੋਕੇ ਅਤੇ ਸਿੱਖਾਂ ਦੇ ਗੱਦਾਰ,
ਕੌਮ ਦੀ ਪ੍ਰਤੀਨਿਧਤਾ ਕਦਾਚਿਤ ਵੀ ਨਹੀਂ ਕਰ ਸਕਦੇ ਸਨ।"

ਇਸ ਤਰ੍ਹਾਂ ਅਸਾਂ ਵੇਖਿਆ ਹੈ, ਕਿ ਕਿਨ੍ਹਾਂ ਹਾਲਾਤ ਦੇ ਅਧੀਨ ਸਿੱਖਾਂ ਨੂੰ ਸਤਲੁਜ ਦਰਿਆ ਪਾਰ ਕਰਨ ਲਈ ਮਜਬੂਰ ਕੀਤਾ ਗਿਆ ਅਤੇ ਕਿਵੇਂ ਲਾਲ ਸਿੰਘ ਤੇ ਤੇਜ ਸਿੰਘ ਜਿਹੇ ਆਪਣੇ ਹੀ ਆਗੂਆਂ ਦੀ ਸਾਜ਼ਿਸ਼ ਤੇ ਮੱਕਾਰੀ ਤਥਾ ਦਗ਼ੇਬਾਜ਼ੀ ਕਰ ਕੇ ਉਨ੍ਹਾਂ (ਸਿੱਖਾਂ) ਦਾ ਟਾਕਰਾ ਕੀਤਾ ਗਿਆ ਤੇ ਉਨ੍ਹਾਂ ਨੂੰ ਪਿਛਾਂਹ ਹਟਾ ਦਿੱਤਾ ਗਿਆ। ਇਸ ਨਾਲ ਗੁਲਾਬ ਸਿੰਘ ਡੋਗਰੇ ਦੇ ਧਰੋਹ ਤੇ ਵਿਸ਼ਵਾਸ-ਘਾਤ ਦਾ ਵੀ ਪਤਾ ਚਲਦਾ ਹੈ, ਜਿਸ ਨੂੰ ਲਾਹੌਰ ਦਰਬਾਰ ਵਲੋਂ ਅੰਗਰੇਜ਼ਾਂ ਨਾਲ ਸੁਲਾਹ ਸ਼ਾਂਤੀ ਦੀ ਸੰਧੀ ਕਰਨ ਦਾ ਅਧਿਕਾਰ ਦਿੱਤਾ ਗਿਆ।

## ੩

ਆਓ, ਹੁਣ ਰੀਜੈਂਸੀ ਦੀ ਸਥਾਪਨਾ ਦਾ ਵਿਸ਼ਲੇਸ਼ਣ ਵੀ ਕਰ ਲਈਏ, ਜਿਸ ਨੂੰ ਸਰ ਵਿਨਸਟਨ ਅਨੁਸਾਰ "ਸਿੱਖਾਂ ਨੇ ਤਿੰਨ ਸਾਲ ਮਗਰੋਂ ਖਤਮ ਕਰਨ ਦਾ ਯਤਨ ਕੀਤਾ।"

੧੧ ਮਾਰਚ, ੧੮੪੬ ਦੀ ਸੰਧੀ ਅਨੁਸਾਰ ਅੰਗਰੇਜ਼ੀ ਫ਼ੌਜ ਨੇ ਸਾਲ ਦੇ ਅੰਤ ਤਕ ਲਾਹੌਰ ਵਿਖੇ ਰਹਿਣਾ ਸੀ, ਪਰ ਅਸਲ ਵਿੱਚ ਅੰਗਰੇਜ਼ ਇਸ ਅਹਿਦਨਾਮੇ ਦੀ ਭਾਵਨਾ ਦੇ ਅਨੁਕੂਲ ਅਮਲ ਕਰਨਾ ਨਹੀਂ ਚਾਹੁੰਦੇ ਸਨ, ਸਗੋਂ ਉਹ ਬਹੁਤ ਦੇਰ ਤੋਂ ਪੰਜਾਬ ਉਤੇ ਪੂਰਨ ਕਬਜ਼ਾ ਕਰਨ ਦੇ ਇੱਛਕ ਸਨ, ਪਰ ਅਜਿਹਾ ਕਰਨਾ ਸੌਖਾ ਕੰਮ ਨਹੀਂ ਸੀ। ਲਾਹੌਰ ਉਤੇ ਕਬਜ਼ਾ ਕਰਨ ਲਈ ਲੋੜੀਂਦੀ ਵੱਡੀ ਫ਼ੌਜ ਵੀ ਪ੍ਰਾਪਤ ਨਹੀਂ ਸੀ ਅਤੇ ਸਿੱਖ ਭਾਵੇਂ ਹਾਰ ਚੁਕੇ ਸਨ, ਪਰ ਅਜੇ ਇਤਨੇ ਕੁ ਤਕੜੇ ਜ਼ਰੂਰ ਸਨ ਕਿ ਆਪਣੀ ਆਜ਼ਾਦੀ ਲਈ ਲੜ ਸਕਦੇ ਸਨ। ਇਸ ਲਈ ਫਿਰ ਪਹਿਲਾਂ ਵਾਂਗ ਹੀ

ਗੁਪਤ ਸਾਜ਼ਸ਼ਾਂ ਅਤੇ ਅਯੋਗ ਸਾਧਨਾਂ ਦੀ ਵਰਤੋਂ ਦੀ ਲੋੜ ਭਾਸੀ। ਦਰਿਆ ਬਿਆਸ ਅਤੇ ਸਤਲੁਜ ਵਿਚਕਾਰਲਾ ਇਲਾਕਾ ਅੰਗਰੇਜ਼ਾਂ ਦੇ ਸਿੱਧੇ ਅਧਿਕਾਰ ਅਧੀਨ ਆ ਜਾਣ ਕਾਰਨ ਅਤੇ ਜੰਮੂ ਕਸ਼ਮੀਰ ਨੂੰ ਪੰਜਾਬ ਤੋਂ ਸੁਤੰਤਰ ਕਰ ਕੇ ਗੁਲਾਬ ਸਿੰਘ ਡੋਗਰੇ ਨੂੰ ਦੇ ਦੇਣ ਸਦਕਾ ਪੰਜਾਬ ਕਮਜ਼ੋਰ ਹੋ ਗਿਆ ਸੀ। ਗੱਦਾਰ ਤੇਜ ਸਿਘ ਨੂੰ 'ਰਾਜੇ' ਦਾ ਖ਼ਿਤਾਬ ਦੇ ਦਿੱਤਾ ਗਿਆ ਸੀ ਅਤੇ ਲਾਲ ਸਿੰਘ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਕੰਮ ਕਰ ਰਿਹਾ ਸੀ; ਭਾਵੇਂ ਮਗਰੋਂ ਜਦੋਂ ਉਸ ਨੇ ਡੋਗਰਿਆਂ ਨੂੰ ਜੰਮੂ ਕਸ਼ਮੀਰ ਦੇਣ ਵਿੱਚ ਦਖਲ ਦੇਣਾ ਸ਼ੁਰੂ ਕਰ ਦਿੱਤਾ ਸੀ ਤਾਂ ਉਸ ਉਤੇ ਮੁਕੱਦਮੇ ਚਲਾ ਕੇ ਉਸ ਦੀ ਜਾਇਦਾਦ ਅਤੇ ਜਾਗੀਰ ਜ਼ਬਤ ਕਰ ਲਈ ਗਈ ਸੀ ਅਤੇ ਉਸ ਨੂੰ ਪੰਜਾਬ-ਬਦਰ ਕਰ ਦਿੱਤਾ ਗਿਆ।

ਜਦੋਂ ਸੰਧੀ ਦੀਆਂ ਸ਼ਰਤਾਂ ਅਨੁਸਾਰ ਸਾਲ ਦੇ ਅੰਤ ਤੇ ਅੰਗਰੇਜ਼ੀ ਫ਼ੌਜ ਦੇ ਵਾਪਸ ਚਲੇ ਜਾਣ ਉਪਰੰਤ ਦਰਬਾਰ ਰਾਜ-ਪ੍ਰਬੰਧਕੀ ਅਧਿਕਾਰ ਆਪਣੇ ਹੱਥਾਂ ਵਿੱਚ ਲੈਣ ਦੀ ਵਿਉਂਤ ਬਣਾ ਰਿਹਾ ਸੀ, ਹੈਨਰੀ ਲਾਰੰਸ ਨੇ ੧੭-੧੨-੧੮੪੬ ਨੂੰ ਸਰਕਾਰ ਹਿੰਦ ਨੂੰ ਲਿਖਿਆ :

> "ਪਿਛਲੇ ਇੱਕ ਦੋ ਦਿਨਾਂ ਵਿੱਚ ਮਹਾਰਾਣੀ ਜਿੰਦਾ ਨੇ ਆਪਣਾ ਸਾਰਾ ਤ੍ਰਾਣ ਵੱਡੇ ਛੋਟੇ ਸਰਦਾਰਾਂ ਨੂੰ ਆਪਣੇ ਨਾਲ ਗੱਠਣ ਅਤੇ ਸੁੰਤਤਰ ਸਰਕਾਰ ਦੀ ਸਥਾਪਨਾ ਲਈ ਇੱਕ ਮੁੱਠ ਕਰਨ ਉਤੇ ਲਾ ਦਿੱਤਾ ਹੈ। ਇਸ ਸੰਗਠਨ ਦੀ ਮੁੱਖੀ ਉਹ ਆਪ ਹੋਵੇਗੀ। ਇਸ ਵਿਉਂਤ ਵਿੱਚ ਉਸ ਦਾ ਮੁੱਖ ਸਹਾਇਕ ਅਤੇ ਸਲਾਹਕਾਰ ਜ਼ਾਹਿਰਾ ਤੌਰ ਤੇ ਦੀਵਾਨ ਦੀਨਾ ਨਾਥ ਹੋਵੇਗਾ, ਜੋ ਸ਼ੁਰੂ ਤੋਂ ਹੀ ਅੰਗਰੇਜ਼ਾਂ ਦਾ ਦੋਖੀ ਰਿਹਾ ਹੈ ਅਤੇ ਹੁਣ ਸ਼ਾਇਦ ਉਹ ਨਾਬਾਲਗ ਮਹਾਰਾਜੇ ਦੀ ਸਾਡੀ ਸਰਪ੍ਰਸਤੀ ਹੇਠ ਆਉਣ ਦੇ ਖਤਰੇ ਨੂੰ ਅਨੁਭਵ ਕਰ ਰਿਹਾ ਹੈ।"

ਪਰ ਗਵਰਨਰ ਜਨਰਲ ਦੇ ਸ਼ਬਦਾਂ ਵਿੱਚ :

> "ਸੰਧੀ (ਭੈਰੋਵਾਲ) ਹਿੰਦ ਸਰਕਾਰ ਨੂੰ ਲਾਹੌਰ ਵਿਖੇ ਰੈਜ਼ੀਡੈਂਟ ਦੁਆਰਾ ਪੂਰਨ ਅਧਿਕਾਰ ਦਿੰਦੀ ਹੈ ਕਿ ਉਹ ਰਾਜ ਦੇ ਹਰ ਵਿਭਾਗ ਸੰਬੰਧੀ ਸਾਰੇ ਮਾਮਲਿਆਂ ਨੂੰ ਆਪਣੇ ਅਧੀਨ ਕਰ ਲਵੇ ਅਤੇ ਸਾਰਾ ਸਰਕਾਰੀ ਕੰਮਕਾਜ ਆਪ ਚਲਾਵੇ। ਰਾਜਨੀਤਕ ਸਿਆਣਪ ਇਸੇ ਗੱਲ ਵਿੱਚ ਹੈ ਕਿ ਰੈਜ਼ੀਡੈਂਸ ਕੌਂਸਲ ਨੂੰ ਆਪਣੇ ਨਾਲ ਰੱਖੇ, ਜਿਸ ਦੇ ਮੈਂਬਰ ਪੂਰਨ

ਤੌਰ ਤੇ ਉਸ ਦੀ ਅਗਵਾਈ ਤੇ ਪਰਬੰਧ ਅਧੀਨ ਹਨ, ਉਹ ਉਨ੍ਹਾਂ ਨੂੰ ਬਦਲ ਸਕਦਾ ਹੈ ਅਤੇ ਨਵੇਂ ਮੈਂਬਰ ਨਿਯੁਕਤ ਵੀ ਕਰ ਸਕਦਾ ਹੈ। ਇਸ ਤਰ੍ਹਾਂ ਰਾਜਸੀ ਸ਼ਾਸਨ ਵਾਂਗ ਫ਼ੌਜੀ ਮਾਮਲਿਆਂ ਵਿੱਚ ਵੀ ਉਸ ਦਾ ਅਧਿਕਾਰ ਅਸੀਮ ਹੈ। ਉਹ ਪੰਜਾਬ ਦੇ ਹਰ ਹਿੱਸੇ ਵਿਚੋਂ ਸਿੱਖ ਫ਼ੌਜਾਂ ਹਟਾ ਕੇ ਉਨ੍ਹਾਂ ਦੀ ਥਾਂ ਅੰਗਰੇਜ਼ੀ ਫ਼ੌਜ ਨਿਯੁਕਤ ਕਰ ਸਕਦਾ ਹੈ।"

ਸਰ ਹਰਬੈਰਟ ਐਡਵਰਡਜ਼ ਦੇ ਕਥਨ ਅਨੁਸਾਰ :

"ਇਸ ਤਰ੍ਹਾਂ ੧੮੪੭ ਦੇ ਅਰੰਭ ਵਿੱਚ ਰਾਜ ਦੇ ਅਧਿਕਾਰ ਵਾਇਸ-ਰਾਇ ਦੇ ਪ੍ਰਤੀਨਿਧ ਵਜੋਂ ਹੈਨਰੀ ਲਾਰੰਸ ਕੋਲ ਆ ਗਏ।"

੨੯ ਅਪਰੈਲ, ੧੮੪੭ ਨੂੰ ਹੈਨਰੀ ਲਾਰੰਸ ਨੇ ਫਿਰ ਲਿਖਿਆ :

"ਹੋ ਸਕਦਾ ਹੈ ਕਿ ਸਿੱਖਾਂ ਦਾ ਕੌਮੀ ਸੁੰਤਤ੍ਰਤਾ ਸੁਭਾਅ ਉਨ੍ਹਾਂ ਨੂੰ ਬਿਦੇਸ਼ੀ ਜੂਲੇ ਨੂੰ ਗਲੋਂ ਲਾਹ ਸੁਟਣ ਲਈ ਉਕਸਾਏ ਤੇ ਇਸ ਗੱਲ ਲਈ ਮਜਬੂਰ ਕਰ ਦੇਵੇ; ਕਿਉਂਕਿ ਸਾਡਾ ਮੰਤਵ ਭਾਵੇਂ ਕਿੰਨਾ ਹੀ ਹਿਤਕਾਰੀ ਹੋਵੇ ਅਤੇ ਸਲੂਕ ਕਿੰਨਾ ਹੀ ਸੁਲਾਹਕੁਲ ਹੋਵੇ, ਅੰਗਰੇਜ਼ੀ ਫ਼ੌਜ ਲਾਹੌਰ ਵਿੱਚ ਰਖਿਅਕ-ਸੈਨਾ ਦੇ ਰੂਪ ਵਿੱਚ ਨਹੀਂ ਬਿਠਾਈ ਜਾ ਸਕਦੀ ਅਤੇ ਰਾਜ ਭਰ ਵਿੱਚ ਅੰਗਰੇਜ਼ੀ ਅਧਿਕਾਰੀ ਦਾ ਆਦੇਸ਼ ਲਾਹੌਰ ਦਰਬਾਰ ਦੇ ਹੁਕਮ ਦੀ ਉਲੰਘਣਾ ਨਹੀਂ ਕਰ ਸਕਦਾ। ਇਸ ਤਰ੍ਹਾਂ ਸਾਡੀ ਮੌਜੂਦਗੀ ਨੂੰ ਜੂਲੇ ਤੇ ਗੁਲਾਮੀ ਦਾ ਚਿੰਨ੍ਹ ਸਮਝਿਆ ਜਾਵੇਗਾ।"

ਪੰਜਾਬ ਉਤੇ ਪੂਰਨ ਤੌਰ ਤੇ ਕਬਜ਼ਾ ਕਰਨ ਦੀ ਅੰਗਰੇਜ਼ੀ ਵਿਉਂਤ ਦੇ ਰਾਹ ਵਿੱਚ ਰਾਣੀ ਜਿੰਦ ਕੌਰ ਹੀ ਮੁੱਖ ਰੁਕਾਵਟ ਬਿੰਦੂ ਦਿਸਦੀ ਸੀ। ਇਸ ਲਈ ਹੈਨਰੀ ਹਾਰਡਿੰਗ ਨੇ ੭ ਦਸੰਬਰ, ੧੮੪੬ ਨੂੰ ਕਰੀ ਸਾਹਿਬ ਨੂੰ ਲਿਖਿਆ :

"ਲਾਹੌਰ ਉਤੇ ਕਬਜ਼ਾ ਕਾਇਮ ਰੱਖਣ ਲਈ ਕੀਤੇ ਜਾਣ ਵਾਲੇ ਕਿਸੇ ਵੀ ਸਮਝੌਤੇ ਵਿੱਚ ਜਿੰਦਾਂ ਨੂੰ ਅਧਿਕਾਰ-ਵੰਚਿਤ ਕਰਨਾ ਜ਼ਰੂਰੀ ਸ਼ਰਤ ਹੋਣੀ ਚਾਹੀਦੀ ਹੈ।"

ਦਸ ਤਾਰੀਖ਼ ਨੂੰ ਗਵਰਨਰ ਜਨਰਲ ਨੇ ਮਹਾਰਾਣੀ ਜਿੰਦਾਂ ਦੇ ਆਪਣੇ ਪੁੱਤਰ ਦਲੀਪ ਸਿੰਘ ਦਾ ਰੀਜੈਂਟ ਬਣਨ ਦੇ ਅਧਿਕਾਰ ਉਤੇ ਇਤਰਾਜ਼ ਕਰ ਦਿੱਤਾ ਅਤੇ ਕਿਹਾ ਕਿ :

"ਮੈਨੂੰ ਇਹ ਪਤਾ ਨਹੀਂ, ਕਿ ਰਾਣੀ ਕਿਹੜੀ ਰਸਮੀ ਕਾਰਵਾਈ ਦੁਆਰਾ ਰੀਜੈਂਟ ਬਣ ਗਈ ਹੈ। ਮੇਰਾ ਖਿਆਲ ਹੈ ਕਿ ਉਹ ਸ਼ਹਿਜ਼ਾਦੇ ਦੀ ਸਰਪ੍ਰਸਤ ਅਤੇ ਮਾਂ ਹੋਣ ਦੀ ਕੁਦਰਤੀ ਅਤੇ ਨਿਰਵਿਵਾਦ ਸਥਿਤੀ ਕਾਰਨ ਹੀ ਰੀਜੈਂਟ ਬਣ ਬੈਠੀ ਹੈ।"

ਇਸ ਲਈ ਉਸ ਨੇ ਮਸ਼ਵਰਾ ਦਿੱਤਾ, ਕਿ :

"ਜੇ ਸਰਦਾਰ ਅਤੇ ਬਾਰਸੂਖ ਮੁਖੀ ਅਤੇ ਖਾਸ ਤੌਰ ਤੇ ਅਟਾਰੀ ਵਾਲਾ ਖ਼ਾਨਦਾਨ ਅੰਗਰੇਜ਼ੀ ਸਰਕਾਰ ਉਤੇ ਮਹਾਰਾਜੇ ਦੇ ਬਾਲਗ ਹੋਣ ਤੱਕ ਉਸ ਦਾ ਸਰਪ੍ਰਸਤ ਬਣਨ ਲਈ ਜ਼ੋਰ ਪਾਉਣ ਤਾਂ ਰਾਣੀ ਦੀ ਅਜਿਹੀ ਸ਼ਕਤੀ ਆਪਣੇ ਆਪ ਹੀ ਖ਼ਤਮ ਹੋ ਜਾਵੇਗੀ। ਇਹ ਗੱਲ ਮੰਨਵਾ ਲਈ ਜਾਵੇ ਅਤੇ ਲਿਖਤ ਵਿੱਚ ਲੈ ਆਂਦੀ ਜਾਵੇ, ਕਿ ਅੰਗਰੇਜ਼ ਸਰਕਾਰ ਹੀ ਸ਼ਹਿਜ਼ਾਦੇ ਦੇ ਸਰਪ੍ਰਸਤ ਵਜੋਂ ਅਤੇ ਰਾਜ ਦੇ ਮਾਮਲਿਆਂ ਦੇ ਪ੍ਰਬੰਧਕ ਹੋਣ ਦੇ ਨਾਤੇ ਰੀਜੈਂਟ ਦੇ ਸਾਰੇ ਅਧਿਕਾਰਾਂ ਦੀ ਧਾਰਨੀ ਹੋਵੇਗੀ ਅਤੇ ਉਸ ਦੇ ਫ਼ਰਜ਼ਾਂ ਨੂੰ ਭੁਗਤਾਏਗੀ।"

ਗਵਰਨਰ ਜਨਰਲ ਨੇ ੧੪ ਦਸੰਬਰ ੧੮੪੬ ਨੂੰ ਕਰੀ ਸਾਹਿਬ ਨੂੰ ਫਿਰ ਲਿਖਿਆ ਕਿ :

"ਮੇਰਾ ਖ਼ਿਆਲ ਹੈ ਕਿ ਜੇ ਸਰਦਾਰਾਂ ਨੂੰ ਅੰਗਰੇਜ਼ੀ ਕਬਜ਼ੇ ਉਪਰੰਤ ਜਾਗੀਰਾਂ ਦੇਣ ਦਾ ਯਕੀਨ ਦਵਾ ਦਿੱਤਾ ਜਾਵੇ, ਤਾਂ ਇਹ ਇੰਨਾ ਤਕੜਾ ਲਾਲਚ ਹੈ, ਕਿ ਉਹ ਸਾਡੇ ਵਲੋਂ ਲਾਈਆਂ ਸ਼ਰਤਾਂ ਨੂੰ ਝਟ ਪਰਵਾਨ ਕਰ ਲੈਣਗੇ।"

ਇਸ ਤਰ੍ਹਾਂ ਕੁਝ ਸਰਦਾਰਾਂ ਨੂੰ ਪੂਰੇ ਤੌਰ ਤੇ ਆਪਣੇ ਨਾਲ ਮਿਲਾ ਕੇ, ਆਪਣੇ ਇਸ਼ਾਰਿਆਂ ਤੇ ਨੱਚਣ ਵਾਲੇ ਤੇਜ ਸਿੰਘ ਅਧੀਨ, ਪੰਜਾਬ ਵਿੱਚ ਰੀਜੈਂਸੀ ਸਥਾਪਤ ਕਰ ਦਿੱਤੀ। ਕੇਵਲ ਨਾਬਾਲਗ ਸ਼ਹਿਜ਼ਾਦੇ ਦਲੀਪ ਸਿੰਘ ਦੀ ਮਾਤਾ ਮਹਾਰਾਣੀ ਜਿੰਦਾਂ ਹੀ ਰਸਤੇ ਦਾ ਰੋੜਾ ਸੀ, ਜਿਸ ਨੂੰ ਹੁਣ ਹਟਾਉਣਾ ਬਾਕੀ ਸੀ।

ਲਾਹੌਰ ਦੇ ਬ੍ਰਿਟਿਸ਼ ਰੈਜ਼ੀਡੈਂਟ ਨੇ ਮਹਾਰਾਣੀ ਨੂੰ ਸਦਾ ਲਈ ਪੰਜਾਬ ਵਿਚੋਂ ਕੱਢਣ ਦੀ ਸਿਫਾਰਸ਼ ਕਰਦਿਆਂ ਗਵਰਨਰ-ਜਨਰਲ ਦੇ ਸਕੱਤਰ ਨੂੰ ੯ ਅਗਸਤ ੧੮੪੭ ਨੂੰ ਲਿਖਿਆ ਕਿ :

"ਇਸ ਤੱਥ ਬਾਰੇ ਨਾ ਮੈਂ ਖੁਦ ਧੋਖੇ ਵਿੱਚ ਰਹਿਣਾ ਚਾਹੁੰਦਾ ਹਾਂ ਅਤੇ

ਨਾ ਹੀ ਗਵਰਨਰ-ਜਨਰਲ ਨੂੰ ਕਿਸੇ ਭਰਮ ਭੁਲੇਖੇ ਵਿੱਚ ਰੱਖਣਾ ਚਾਹੁੰਦਾ ਹਾਂ, ਕਿ ਮੇਰੀ ਗਿਆਤ ਵਿੱਚ ਤਾਂ ਸਾਡੀ ਇਸ ਨੀਤੀ ਦੀ ਅਤਿ ਅਸਰਦਾਇਕ ਦੁਸ਼ਮਣ ਕੇਵਲ ਮਹਾਰਣੀ ਜਿੰਦਾਂ ਹੀ ਹੈ।"

ਅੰਤ ਨੂੰ ਸਰ ਹੈਨਰੀ ਹਾਰਡਿੰਗ ਨੇ ਪੰਜਾਬ ਦੇ ਏਜੰਟ ਹੈਨਰੀ ਲਾਰੰਸ ਨੂੰ ੨੩ ਅਕਤੂਬਰ ੧੮੪੭ ਨੂੰ ਲਿਖਿਆ :

" ਨਾਬਾਲਗੀ ਦੇ ਦੌਰਾਨ ਕੀਤੀਆਂ ਜਾਣ ਵਾਲੀਆਂ ਸਾਡੀਆਂ ਕਾਰਵਾਈਆਂ ਸਮੇਂ ਸਾਨੂੰ ਇਹ ਗੱਲ ਅਵੱਸ਼ ਧਿਆਨ ਵਿੱਚ ਰੱਖਣੀ ਚਾਹੀਦੀ ਹੈ, ਕਿ ਮਾਰਚ ੧੮੪੬ ਦੀ ਲਾਹੌਰ ਦੀ ਸੰਧੀ ਅਨੁਸਾਰ ਪੰਜਾਬ ਨੂੰ ਕਦੀ ਵੀ ਸੁਤੰਤਰ ਰਾਜ ਬਣਾਉਣਾ ਸਾਡਾ ਇਰਾਦਾ ਨਹੀਂ ਸੀ। ਜਿਸ ਮੱਦ ਦਾ ਮੈਂ (ਸੰਧੀ ਵਿੱਚ) ਵਾਧਾ ਕੀਤਾ ਸੀ, ਉਸ ਅਨੁਸਾਰ ਰਾਜ ਦਾ ਮੁੱਖੀ ਸਾਡੀ ਆਗਿਆ ਤੋਂ ਬਿਨਾਂ ਨਾ ਜੰਗ ਕਰ ਸਕਦਾ ਹੈ, ਨਾ ਅਮਨ-ਸੰਧੀ, ਨਾ ਉਹ ਇਲਾਕੇ ਦੀ ਇੱਕ ਏਕੜ ਧਰਤੀ ਵੇਚ-ਵੱਟ ਸਕਦਾ ਹੈ, ਤੇ ਨਾ ਹੀ ਉਹ ਕਿਸੇ ਯੁਰਪੀਨ ਅਫਸਰ ਨੂੰ ਭਰਤੀ ਕਰ ਸਕਦਾ ਹੈ, ਅਤੇ ਨਾ ਸਾਨੂੰ ਇਸ ਇਲਾਕੇ ਵਿਚੋਂ ਲੰਘਣ ਤੋਂ ਰੋਕ ਸਕਦਾ ਹੈ। ਅਸਲ ਵਿੱਚ ਉਹ ਸਾਡੀ ਆਗਿਆ ਤੋਂ ਬਿਨਾਂ ਕੁਝ ਵੀ ਨਹੀਂ ਕਰ ਸਕਦਾ। ਸਥਾਨਕ ਸ਼ਹਿਜਾਦਾ ਜੰਜੀਰਾਂ ਵਿੱਚ ਜਕੜਿਆ ਹੋਇਆ ਸਾਡਾ ਕੈਦੀ ਹੈ। ਉਹ ਸਾਡੀ ਸੁਰੱਖਿਆਂ ਵਿੱਚ ਹੈ ਅਤੇ ਉਸ ਨੂੰ ਸਾਡਾ ਹਰ ਹੁਕਮ ਮੰਨਣਾ ਹੀ ਪਵੇਗਾ।"

ਇਸ ਤਰ੍ਹਾਂ ਪੰਜਾਬ ਵਿੱਚ ਰੀਜੈਂਸੀ ਸਥਾਪਤ ਕਰਨ ਵਿੱਚ ਅੰਗਰੇਜ਼ਾਂ ਦਾ ਅਸਲ ਮਨੋਰਥ ਸਪੱਸ਼ਟ ਰੂਪ ਵਿੱਚ ਪਰਗਟ ਕਰ ਦਿੱਤਾ ਗਿਆ ਹੈ।

## ੪

ਹੁਣ ਉਪਰੋਕਤ ਘਟਨਾਵਾਂ ਦੇ ਪਿਛੋਕੜ ਵਿੱਚ ਉਨ੍ਹਾਂ ਹਾਲਾਤਾਂ ਦਾ ਵਿਸਥਾਰ ਸਹਿਤ ਵਰਣਨ ਕੀਤਾ ਜਾਂਦਾ ਹੈ, ਜਿਹੜੇ ਚਿਲਿਆਂ ਵਾਲੇ ਦੀ ਲੜਾਈ ਅਤੇ ਪੰਜਾਬ ਦੇ ਅੰਤਮ ਇਲਹਾਕ ਦਾ ਕਾਰਨ ਬਣੇ।

ਮਈ ੧੮੪੮ ਵਿੱਚ ਪੰਜਾਬ ਵਿਚੋਂ ਮਹਾਰਣੀ ਜਿੰਦਾਂ ਦੀ ਜਲਾਵਤਨੀ ਨਾਲ ਅੰਗਰੇਜ਼ਾਂ ਦੀ ਪੰਜਾਬ ਨੂੰ ਅੰਤਮ ਰੂਪ ਵਿੱਚ ਆਪਣੇ ਇਲਾਕੇ ਵਿੱਚ ਮਿਲਾ ਲੈਣ ਦੀ ਵਿਉਂਤ ਮੁਕੰਮਲ ਹੋ ਗਈ। ਆਰੰਭਕ ਚਿੰਗਿਆੜੀ ਮੁਲਤਾਨ ਵਿਚੋਂ ਉਠੀ। ਮੂਲ ਰਾਜ ਤੋਂ ਗਵਰਨਰ ਬਣਨ ਦੇ ਬਦਲੇ ੩੦ ਲੱਖ ਰੁਪਏ ਦੇ ਸੇਵਾ ਫਲ ਦੀ ਮੰਗ ਕੀਤੀ ਗਈ ਅਤੇ ਸੂਬਾ ਮੁਲਤਾਨ ਦਾ ਸਾਲਾਨਾ ਲਗਾਨ ੨੦ ਲੱਖ ਤੋਂ ਵਧਾ ਕੇ ੩੦ ਲੱਖ ਰੁਪਏ ਕਰ ਦਿੱਤਾ ਗਿਆ, ਭਾਵੇਂ ਨਾਲ ਹੀ ਇਸ ਦਾ ਇਲਾਕਾ ਘਟਾ ਦਿੱਤਾ ਗਿਆ ਸੀ। ਮੂਲ ਰਾਜ ਨੇ ਅਸਤੀਫ਼ਾ ਦੇ ਦਿੱਤਾ। ਕਾਹਨ ਸਿੰਘ ਮਾਨ ਨੂੰ ਗਵਰਨਰ ਨਿਯੁਕਤ ਕਰ ਦਿੱਤਾ ਗਿਆ। ਦੋ ਅੰਗਰੇਜ਼ ਅਫਸਰਾਂ ਨੂੰ ਚਾਰਜ ਦਿਵਾਉਣ ਲਈ ਭੇਜਿਆ ਗਿਆ। ੧੯ ਅਪਰੈਲ ੧੮੪੮ ਨੂੰ ਜਦੋਂ ਉਹ ਅਫ਼ਸਰ ਕਿਲ੍ਹੇ ਤੋਂ ਬਾਹਰ ਆ ਰਹੇ ਸਨ ਤਾਂ ਇੱਕ ਦੁਰਘਟਨਾ ਦੇ ਵਾਪਰਨ ਕਾਰਨ ਦੋਵੇਂ ਅੰਗਰੇਜ਼ ਅਫ਼ਸਰ ਜ਼ਖਮੀ ਹੋ ਗਏ ਅਤੇ ਮਗਰੋਂ ਸਥਾਨਕ ਫ਼ੌਜ ਨੇ ਹੱਲਾ ਕਰ ਕੇ ਉਨ੍ਹਾਂ ਨੂੰ ਮਾਰ ਦਿੱਤਾ। ਇਸ ਤਰ੍ਹਾਂ ਮੂਲ ਰਾਜ ਨੂੰ ਕਿਸੇ ਸਾਜ਼ਿਸ਼ ਦੁਆਰਾ ਨਹੀਂ, ਸਗੋਂ ਹਾਲਾਤ ਤੋਂ ਮਜਬੂਰ ਹੋ ਕੇ ਇਸ ਸਥਾਨਕ ਬਗ਼ਾਵਤ ਦਾ ਮੋਹਰੀ ਬਣਨਾ ਪਿਆ।

ਇਸ ਬਗ਼ਾਵਤ ਸਮੇਂ ਸਿਰ ਕੀਤੀ ਕਾਰਵਾਈ ਨਾਲ ਹੀ ਦਬਾਈ ਜਾ ਸਕਦੀ ਸੀ ਅਤੇ ਇਸ ਵਾਸਤੇ ਥੋੜ੍ਹੀ ਜਿੰਨੀ ਫ਼ੌਜ ਦੀ ਵਰਤੋਂ ਦਾ ਤਕੜਾ ਸੁਝਾਓ ਹਰਬੈਰਟ ਐਡਵਰਡਜ਼ ਨੇ ਵੀ ਦਿੱਤਾ ਸੀ ਜੋ ਕਿ ਉਸ ਸਮੇਂ ਲਾਹੌਰ ਰੈਜ਼ੀਡੈਂਟ ਦਾ ਸਹਾਇਕ ਕਰਮਚਾਰੀ ਸੀ, ਪਰ ਗਵਰਨਰ-ਜਨਰਲ ਤਾਂ ਇਸ ਘਟਨਾ ਨੂੰ ਬਹਾਨਾ ਬਣਾਉਣਾ ਚਾਹੁੰਦਾ ਸੀ ਅਤੇ ਇਸ ਨੂੰ ਸਿੱਖਾਂ ਵਲੋਂ ਆਮ ਬਗ਼ਾਵਤ ਦਾ ਰੂਪ ਦੇ ਕੇ ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਮਿਲਾ ਲੈਣਾ ਚਾਹੁੰਦਾ ਸੀ।

ਐਡਵਰਡਜ਼ ਨੇ ੨੪ ਮਈ, ੧੮੪੮ ਨੂੰ ਲਾਹੌਰ ਦੇ ਰੈਜ਼ੀਡੈਂਟ ਦੇ ਪੁਲੀਟੀਕਲ ਸਹਾਇਕ ਮੇਜਰ ਹਡਸਨ ਨੂੰ ਲਿਖਿਆ :

> "ਤੁਸੀਂ ਆਪਣੀ ਚਿੱਠੀ ਵਿੱਚ ਆਸ ਪ੍ਰਗਟ ਕੀਤੀ ਹੈ ਕਿ ਅੰਗਰੇਜ਼ੀ ਸਰਕਾਰ ਆਪੇ ਕਾਰਵਾਈ ਕਰ ਲਵੇਗੀ ਅਤੇ ਉਹ ਹਾਰ ਚੁੱਕੇ ਖਾਨਦਾਨ ਦੀ ਸਹਾਇਤਾ ਨਹੀਂ ਕਰੇਗੀ। ਦੂਜੇ ਸ਼ਬਦਾਂ ਵਿੱਚ ਤੁਹਾਨੂੰ ਆਸ ਹੈ ਕਿ ਸਾਨੂੰ ਪੰਜਾਬ ਉਤੇ ਕਬਜ਼ਾ ਕਰਨ ਦਾ ਅਵਸਰ ਮਿਲ ਜਾਵੇਗਾ। ਪਰ ਮੈਂ ਇਸ ਗੱਲ ਵਿੱਚ ਤੁਹਾਡੇ ਨਾਲ ਸਹਿਮਤ ਨਹੀਂ ਹੋ

ਸਕਦਾ, ਕਿਉਂਕਿ ਮੇਰੇ ਵਿਚਾਰ ਅਨੁਸਾਰ ਜੋ ਕੁਝ ਹੁਣ ਤੱਕ ਵਾਪਰਿਆ ਹੈ, ਉਸ ਨੂੰ ਪੰਜਾਬ ਤੇ ਕਬਜ਼ੇ ਦਾ ਕਾਰਨ ਬਣਾਉਣਾ ਬੇ-ਇਨਸਾਫ਼ੀ ਹੋਵੇਗੀ, ਜੋ ਸਮੇਂ ਦੇ ਅਨੁਕੂਲ ਨਹੀਂ। ਮੁਲਤਾਨ ਦੀ ਗੋਰਖਾ ਰੈਜਮੈਂਟ ਦੇ ਵਿਸਾਹਘਾਤ ਨਾਲ; ਕਿਸੇ ਮੌਕੂਫ ਹੋਏ ਕਾਰਦਾਰ ਦੇ ਬਗਾਵਤ ਕਰ ਦੇਣ ਨਾਲ ਜਾਂ ਰਾਜਮਾਤਾ ਦੀਆਂ (ਜਿਸ ਦਾ ਆਪਣੇ ਪੁੱਤਰ ਦੀ ਸਿੱਖ ਸਰਕਾਰ ਨਾਲ ਕੋਈ ਸੰਬੰਧ ਨਹੀਂ) ਵਿਦਰੋਹੀ ਸਾਜ਼ਸ਼ਾਂ ਨਾਲ ਸਿੱਖ ਸਰਕਾਰ ਅਤੇ ਲੋਕਾਂ ਨਾਲ ਕੀਤੀ ਸਾਡੀ ਸੰਧੀ ਖਤਮ ਨਹੀਂ ਹੋ ਜਾਂਦੀ।"

ਉਸ ਨੇ ੨੯ ਜੂਨ ੧੮੪੮ ਨੂੰ ਰੈਜ਼ੀਡੈਂਟ ਨੂੰ ਫਿਰ ਲਿਖਿਆ ਕਿ :

"ਮੇਰੇ ਵਿਚਾਰ ਅਨੁਸਾਰ ਇਲਹਾਕ ਦੀ ਅਫ਼ਵਾਹ ਬਿਦੇਸ਼ਾਂ ਵਿੱਚ ਫੈਲ ਜਾਣ ਕਾਰਨ ਖ਼ਾਸ ਝਗੜਾ ਖੜਾ ਹੋ ਗਿਆ ਹੈ। ਮੇਰੀ ਰਾਏ ਹੈ ਕਿ ਸਰਦੀਆਂ ਦੀ ਉਡੀਕ ਵਿੱਚ ਤੁਸੀਂ ਇੱਕ ਬੇਲੋੜਾ ਅਤੇ ਭਾਰੀ ਖਤਰਾ ਮੁੱਲ ਲੈ ਰਹੇ ਹੋ, ਜਿਸ ਨਾਲ ਤੁਸੀਂ ਸਿੱਖ ਫ਼ੌਜ ਨੂੰ ਬਗਾਵਤ ਦੀ ਸ਼ਹਿ ਦੇ ਰਹੇ ਹੋ, ਜਦੋਂ ਕਿ ਇਸ ਵੇਲੇ ਕੇਵਲ ਫ਼ੌਜੀ ਕੂਚ ਨਾਲ ਹੀ ਬਗ਼ਾਵਤ ਦੱਬ ਜਾਵੇਗੀ।"

ਅਤੇ ੧੧ ਦਿਨਾਂ ਪਿਛੋਂ ਉਸ ਨੇ ਫਿਰ ਲਿਖਿਆ ਕਿ :

"ਮੇਰੇ ਖ਼ਿਆਲ ਵਿੱਚ ਇਸ ਵੇਲੇ ਤਾਂ ਇਹ ਬਗਾਵਤ ਸਾਡੇ ਇੱਕ ਦੋ ਬ੍ਰਿਗੇਡਾਂ ਦੀ ਚੜ੍ਹਾਈ ਨਾਲ ਹੀ ਦਬਾਈ ਜਾ ਸਕਦੀ ਹੈ; ਪਰ ਜੇਕਰ ਇਸ ਨੂੰ ਅਸਾਂ ਮੁੜ ਉਭਰਨ ਜਾਂ ਉਭਾਰਨ ਦੀ ਆਗਿਆਂ ਦੇ ਦਿੱਤੀ ਤਾਂ ਨਾ ਕੇਵਲ ਸਾਡੀ ਇਹ ਅਪਰਾਧਮਈ ਆਲਸ ਹੀ ਹੋਵੇਗੀ, ਸਗੋਂ ਅਸੀਂ ਇੱਕ ਵੱਡਾ ਟਾਕਰੇ ਦਾ ਦੁਸ਼ਮਨ ਖੜਾ ਕਰ ਲਵਾਂਗੇ।"

ਮਹਾਰਾਜਾ ਦਲੀਪ ਸਿੰਘ ਦੀ ਮੰਗਣੀ ਸਰਦਾਰ ਚਤਰ ਸਿੰਘ ਅਟਾਰੀਵਾਲੇ ਦੀ ਲੜਕੀ ਨਾਲ ਹੋਈ ਸੀ ਜੋ ਉਸ ਸਮੇਂ ਉਤਰ-ਪੱਛਮ ਵਿੱਚ ਹਜ਼ਾਰਾ ਵਿਖੇ ਗਵਰਨਰ ਸੀ। ਸਰਦਾਰ ਚਤਰ ਸਿੰਘ ਨੇ ਆਪਣੇ ਲੜਕੇ ਰਾਜਾ ਸ਼ੇਰ ਸਿੰਘ ਨੂੰ, ਜਿਸ ਨੂੰ ਮੁਲਤਾਨ ਦੀ ਅਖੌਤੀ ਬਗ਼ਾਵਤ ਨੂੰ ਦਬਾਉਣ ਲਈ ਹੋਰਨਾਂ ਨਾਲ ਭੇਜਿਆ ਗਿਆ ਸੀ, ਰੈਜ਼ੀਡੈਂਟ ਤੋਂ ਆਪਣੇ ਗੂੜ੍ਹੇ ਮਿੱਤਰ ਐਡਵਰਡਜ਼ ਰਾਹੀਂ ਮਹਾਰਾਜੇ ਦੀ ਸ਼ਾਦੀ ਦੀ ਪੱਕੀ ਤਾਰੀਖ਼ ਪੁੱਛਣ ਲਈ ਕਿਹਾ ਸੀ, ਪਰ ਰੈਜ਼ੀਡੈਂਟ ਕਿਸੇ ਨਾ ਕਿਸੇ

ਬਹਾਨੇ ਉਸ ਨੂੰ ਅਗਾਂਹ ਪਾਈ ਜਾ ਰਿਹਾ ਸੀ। ਇਸ ਲਈ ਐਡਵਰਡਜ਼ ਨੇ ਲਿਖਿਆ ਕਿ :

"ਇਸ ਸਮੇਂ ਇਹ ਬੇਨਤੀ ਬੜੀ ਅਜੀਬ ਜਾਪਦੀ ਹੈ। ਮਨੁੱਖਾਂ ਦੇ ਅੰਤਰੀਵ ਮੰਤਵਾਂ ਦੀ ਥਾਹ ਪਾਉਣੀ ਔਖੀ ਹੈ। ਪਰ ਇਸ ਵਿੱਚ ਕੋਈ ਸ਼ੱਕ ਨਹੀਂ, ਕਿ ਇਹ ਚਰਚਾ ਆਮ ਹੋ ਗਈ ਹੈ ਅਤੇ ਸਾਡੇ ਵਿਰੋਧੀਆਂ ਨੇ ਇਸ ਨੂੰ ਬੜੀ ਸਾਵਧਾਨੀ ਨਾਲ ਦੇਸ਼ ਬਿਦੇਸ਼ ਫੈਲਾਇਆ ਹੈ, ਕਿ ਅੰਗਰੇਜ਼ ਹੁਣੇ-ਹੁਣੇ ਵਾਪਰੀਆਂ ਘਟਨਾਵਾਂ ਦੇ ਆਧਾਰ ਤੇ ਫ਼ੌਜ ਦੇ ਬਾਗੀਆਨਾ ਵਤੀਰੇ ਕਾਰਨ ਪੰਜਾਬ ਨੂੰ ਜ਼ਬਤ ਕਰਨ ਬਾਰੇ ਸੋਚ ਰਹੇ ਹਨ।"

ਇਸ ਲਈ ਉਸ ਨੇ ਮਸ਼ਵਰਾ ਦਿੱਤਾ ਹੈ ਕਿ :

"ਮੇਰਾ ਵਿਚਾਰ ਹੈ ਕਿ ਸ਼ਹਿਜ਼ਾਦੇ ਦੀ ਸ਼ਾਦੀ ਦੀ ਸਰਕਾਰੀ ਤੌਰ ਤੇ ਤਿਆਰੀ ਆਰੰਭਣ ਦੇ ਨਾਲ ਅਸੀਂ ਸੰਧੀ ਉਤੇ ਪਾਬੰਦ ਰਹਿਣ ਦੇ ਨੇਕ ਇਰਾਦੇ ਅਤੇ ਆਪਣੀ ਨੇਕ ਨੀਤੀ ਦਾ ਵਿਸ਼ਵਾਸ ਦੁਆ ਸਕਦੇ ਹਾਂ। ਇਹ ਗੱਲ ਸਮੇਂ ਦੇ ਅਨੁਕੂਲ ਅਤੇ ਸਿਆਣਪ ਭਰੀ ਹੋਵੇਗੀ। ਇਸ ਨਾਲ ਲੋਕਾਂ ਦੇ ਦਿਲ ਕਾਫੀ ਹੱਦ ਤੱਕ ਟਿਕ ਜਾਣਗੇ।"

ਗਵਰਨਰ ਜਨਰਲ ਲਾਰਡ ਡਲਹੌਜ਼ੀ ਇਸ ਮਸ਼ਵਰੇ ਨੂੰ ਪੜ੍ਹ ਕੇ ਬੜਾ ਔਖਾ ਹੋਇਆ ਅਤੇ ਉਸ ਨੇ ੨੨ ਅਗਸਤ ੧੮੪੮ ਨੂੰ ਸਰ ਕਰੀ ਨੂੰ ਲਿਖਿਆ ਕਿ :

"ਤੁਹਾਡੇ ਲਈ ਇਹ ਕੰਮ ਦੋਸਤੀ ਦਾ ਸੂਚਕ ਹੋਵੇਗਾ ਜੇਕਰ ਤੁਸੀਂ ਐਡਵਰਡਜ਼ ਨੂੰ ਸਮਝਾਵੋ ਜਾਂ ਉਸ ਦਾ ਕੋਈ ਹੋਰ ਮਿਤਰ ਉਸ ਨੂੰ ਇਹ ਦਸ ਦੇਵੇ ਕਿ ਰੈਜ਼ੀਡੈਂਟ ਦੇ ਕਿਸੇ ਪੁਲੀਟੀਕਲ ਸਹਾਇਕ ਦਾ ਆਪਣੀ ਸਰਕਾਰ ਨੂੰ ਆਪਣੇ ਆਪ ਹੀ ਅਜੇਹੀ ਰਾਏ ਜਾਂ ਸਲਾਹ ਦੇਣਾ ਕੋਈ ਸਿਆਣਪ ਵਾਲੀ ਗੱਲ ਨਹੀਂ; ਉਸ ਨੂੰ ਇਹ ਸੋਭਦੀ ਵੀ ਨਹੀਂ, ਨਾ ਹੀ ਉਸ ਲਈ ਇਹ ਕਹਿਣਾ ਉਚਿਤ ਹੈ ਕਿ ਜੇਕਰ ਸਰਕਾਰ ਨੇ ਕੋਈ ਵਿਸ਼ੇਸ਼ ਨੀਤੀ ਅਪਣਾਈ ਤਾਂ ਉਹ ਵਿਸਾਹਘਾਤ ਦੇ ਦੋਸ਼ ਦੇ ਭਾਗੀ ਹੋਵੇਗੀ। ਜਿਸ ਨੀਤੀ ਨੂੰ ਗਵਰਨਰ ਜਨਰਲ ਇੰਡੀਆ ਮਲਕਾ ਦਾ ਮੰਤਰੀ ਮੰਡਲ ਅਤੇ ਗੁਪਤ ਕਮੇਟੀ ਵਾਸਤਵਿਕ ਤੇ ਸੰਭਵ ਸਮਝ ਰਹੇ ਹੋਣ, ਉਸ ਬਾਰੇ ਪੁਲੀਟੀਕਲ ਸਹਾਇਕ ਦਾ ਕਿਸੇ ਪ੍ਰਕਾਰ

> ਦੀ ਸਲਾਹ ਦੇਣਾ ਉਸ ਨੂੰ ਸ਼ੋਭਦਾ ਨਹੀਂ। ਮੇਰਾ ਇਸ ਉਤੇ ਕੋਈ ਕਾਰਵਾਈ ਕਰਨ ਦਾ ਇਰਾਦਾ ਨਹੀਂ, ਮੈਂ ਤਾਂ ਤੁਹਾਨੂੰ ਨਿੱਜੀ ਤੌਰ ਤੇ ਹੀ ਇਹ ਗੱਲ ਦਸੀ ਹੈ, ਕਿਉਂਕਿ ਮੈਂ ਐਡਵਰਡਜ਼ ਦਾ ਭਲਾ ਚਾਹੁੰਦਾ ਹਾਂ।"

ਦੂਜੇ ਪਾਸੇ ਹਜ਼ਾਰੇ ਦੇ ਅੰਗਰੇਜ਼ੀ ਨੁਮਾਇੰਦੇ ਅਤੇ ਸਰਦਾਰ ਚਤਰ ਸਿੰਘ ਅਟਾਰੀਵਾਲਾ ਦੇ ਅਧੀਨ ਕੈਪਟਨ ਐਬਟ ਨੇ ਸਥਾਨਕ ਮੁਸਲਮਾਨਾਂ ਨੂੰ ਸਰਦਾਰ ਦੇ ਵਿਰੁੱਧ ਭੜਕਾਇਆ ਅਤੇ ਰੈਜ਼ੀਡੈਂਟ ਨੂੰ ੧੯ ਅਗਸਤ, ੧੯੪੮ ਨੂੰ ਲਿਖਿਆ ਕਿ :

> "ਮੈਂ ਹਜ਼ਾਰੇ ਦੇ ਮੁੱਖੀ ਇਕੱਠੇ ਕੀਤੇ ਅਤੇ ਵਾਪਰੀਆਂ ਘਟਨਾਵਾਂ ਉਨ੍ਹਾਂ ਨੂੰ ਦੱਸੀਆਂ। ਮੈਂ ਉਹਨਾਂ ਨੂੰ ਉਨ੍ਹਾਂ ਦੇ ਕਤਲ ਹੋਏ ਵੱਡੇ ਵਡੇਰਿਆਂ, ਦੋਸਤਾਂ ਅਤੇ ਰਿਸ਼ਤੇਦਾਰਾਂ ਦੀ ਯਾਦ ਦਿਲਾ ਕੇ ਬਗ਼ਾਵਤ ਕਰਨ ਅਤੇ ਸਿੱਖ ਫ਼ੌਜਾਂ ਨੂੰ ਤਬਾਹ ਕਰਨ ਵਿੱਚ ਸਹਾਇਤਾ ਲਈ ਉਕਸਾਇਆ। ਮੈਂ ਸਾਰੇ ਇਲਾਕੇ ਵਿੱਚ ਇਸ ਮੰਤਵ ਲਈ ਪਰਵਾਨੇ ਵੀ ਜਾਰੀ ਕਰ ਦਿੱਤੇ ਹਨ ਅਤੇ ਬੜੀ ਮਜਬੂਤ ਸਥਿਤੀ ਮੱਲ ਲਈ ਹੈ।"

ਇਸ ਤਰ੍ਹਾਂ ਨਿਰਾਸ਼ ਹੋ ਕੇ ਅਤੇ ਡਰਦੇ ਮਾਰੇ ਸਰਦਾਰ ਚਤਰ ਸਿੰਘ ਨੇ ਆਪਣੇ ਪੁੱਤਰ ਰਾਜਾ ਸ਼ੇਰ ਸਿੰਘ ਨੂੰ ੨੩ ਅਗਸਤ, ੧੮੪੮ ਨੂੰ ਲਿਖਿਆ, ਜਿਸ ਵਿੱਚ "ਐਬਟ ਵਿਰੁੱਧ ਸ਼ਿਕਾਇਤ ਕੀਤੀ ਕਿ ਉਸ ਦੇ ਵਿਸਾਹਘਾਤ ਕਰਕੇ ਉਸ ਨੂੰ ਆਪਣੀ ਜ਼ਿੰਦਗੀ ਅਤੇ ਇੱਜ਼ਤ ਬਚਾਉਣ ਲਈ ਫ਼ੌਜੀ ਕਾਰਵਾਈ ਕਰਨ ਪੁਰ ਮਜਬੂਰ ਕਰ ਦਿੱਤਾ ਹੈ, ਨਾਲ ਹੀ ਉਸ ਨੇ ਰਾਜਾ ਸ਼ੇਰ ਸਿੰਘ ਨੂੰ ਖਾਨਦਾਨ ਦੀ ਇੱਜ਼ਤ ਤੇ ਦੇਸ਼ ਦੀ ਆਜ਼ਾਦੀ ਦੀ ਰੱਖਿਆ ਲਈ ਉਸ ਨਾਲ ਆ ਮਿਲਣ ਲਈ ਵੀ ਆਖਿਆ।" ਇਸ ਲਈ ਰਾਜਾ ਸ਼ੇਰ ਸਿੰਘ ਨੇ ਮੁਲਤਾਨ ਦੇ ਬਾਗ਼ੀ ਨੇਤਾ ਗਵਰਨਰ ਮੂਲ ਰਾਜ ਨਾਲ ਆਪਣੀ ਕਿਸਮਤ ਜੋੜਨ ਦਾ ਫੈਸਲਾ ਕਰ ਲਿਆ।

ਮੂਲ ਰਾਜ ਨੇ ਸ਼ੇਰ ਸਿੰਘ ਉਤੇ ਇਤਬਾਰ ਨਾ ਕੀਤਾ ਅਤੇ ਇਸ ਨੂੰ ਮਹਿਜ਼ ਇੱਕ ਚਾਲ ਸਮਝ ਕੇ ਉਸ ਨੂੰ ਕਿਲ੍ਹੇ ਵਿੱਚ ਦਾਖਲ ਨਾ ਹੋਣ ਦਿੱਤਾ। ਇਸ ਤਰ੍ਹਾਂ ਫਿਰ ਨਿਰਾਸ ਹੋ ਕੇ ਰਾਜਾ ਸ਼ੇਰ ਸਿੰਘ ਆਪਣੇ ਬਿਰਧ ਬਾਪ ਨੂੰ ਮਿਲਣ ਲਈ ਮੁਲਤਾਨ ਤੋਂ ਉੱਤਰ ਪੱਛਮ ਵੱਲ ਚੱਲ ਪਿਆ। ਸਰਦਾਰ ਚਤਰ ਸਿੰਘ ਨੇ ਹਜ਼ਾਰੇ ਤੋਂ ਚੱਲ ਕੇ ਪਿਸ਼ਾਵਰ ਅਤੇ ਅਟਕ ਤੇ ਕਬਜ਼ਾ ਕਰ ਲਿਆ। ਉਹ ਸ਼ੇਰ ਸਿੰਘ ਦੀ ਫ਼ੌਜ ਨੂੰ ਕੁਮਕ ਭੇਜਣੀ ਚਾਹੁੰਦਾ ਸੀ। ਪਰ ਹੋਣੀ ਨੂੰ ਕੁਝ ਹੋਰ ਹੀ ਮਨਜ਼ੂਰ ਸੀ।

ਉਹ ਅਜੇ ਰਸਤੇ ਵਿੱਚ ਹੀ ਸੀ, ਕਿ ੧੩ ਜਨਵਰੀ, ੧੮੪੯ ਨੂੰ ਰਾਜ਼ਾ ਸ਼ੇਰ ਸਿੰਘ ਅਤੇ ਅੰਗਰੇਜ਼ੀ ਕੰਮਾਂਡਰ-ਇਨ-ਚੀਫ਼ ਲਾਰਡ ਹਿਊ ਗਫ ਵਿਚਕਾਰ ਚਿਲਿਆਂ ਵਾਲਾ ਦੀ ਪ੍ਰਸਿੱਧ ਲੜਾਈ ਛਿੜ ਪਈ। ਗਵਰਨਰ-ਜਨਰਲ ਨੇ ੮ ਅਕਤੂਬਰ, ੧੮੪੮ ਨੂੰ ਲਿਖਿਆ :

"ਰਾਜਾ ਸ਼ੇਰ ਸਿੰਘ ਅਤੇ ਉਸ ਦੀ ਫ਼ੌਜ ਦੀ ਬਗ਼ਾਵਤ, ਸਰਦਾਰ ਚਤਰ ਸਿੰਘ ਅਤੇ ਉਸ ਦੀ ਕਮਾਨ ਅਧੀਨ ਦਰਬਾਰੀ ਫ਼ੌਜ ਦੀ ਬਗਾਵਤ ਅਤੇ ਹਰ ਥਾਂ ਤੇ ਫ਼ੌਜ ਤੇ ਸਿੱਖ ਵਸੋਂ ਦੀ ਹਾਲਤ ਨੇ ਅਜਿਹੀ ਸੰਕਟਮਈ ਸਥਿਤੀ ਪੈਦਾ ਕਰ ਦਿੱਤੀ ਹੈ, ਜਿਸ ਦੀ ਮੈਨੂੰ ਕਈ ਮਹੀਨਿਆਂ ਤੋਂ ਆਸ ਸੀ, ਅਸੀਂ ਹੁਣ ਸਿੱਖ ਕੌਮ ਤੇ ਪੰਜਾਬ ਰਾਜ ਨਾਲ ਜੰਗ ਦੇ ਅਰੰਭ ਵਿੱਚ ਨਹੀਂ, ਸਗੋਂ ਐਨ ਮੱਧ ਵਿਚਕਾਰ ਪੁੱਜ ਗਏ ਹਾਂ।"

ਰੈਜ਼ੀਡੈਂਟ ਨੇ ਗਵਰਨਰ ਜਨਰਲ ਨੂੰ ੧੨ ਅਕਤੂਬਰ, ੧੮੪੮ ਨੂੰ ਲਿਖਿਆ :

"ਜੇ ਮਾਮਲਾ ਅਜਿਹਾ ਹੀ ਹੈ ਤਾਂ ਲਾਹੌਰ ਰਾਜ ਦੇ ਪ੍ਰਬੰਧ ਵਿੱਚ ਬਤੌਰ ਸਹਾਇਕ ਅਤੇ ਨਿਗਰਾਨ ਦੇ ਮੇਰੀ ਅਤੇ ਮੇਰੇ ਸਹਾਇਕਾਂ ਦੀ ਸਥਿਤੀ ਬੜੀ ਨਾਜ਼ਕ ਹੈ। ਜੇਕਰ ਮੈਂ ਇਸ ਸਮੇਂ ਸਰਕਾਰ ਨਾਲੋਂ ਸੰਬੰਧ ਤੋੜਦਾ ਹਾਂ, ਅਤੇ ਅਹਿਦਨਾਮੇ ਦੇ ਭੰਗ ਹੋਣ ਅਤੇ ਦੋਹਾਂ ਸਰਕਾਰਾਂ ਵਿਚਕਾਰ ਦੋਸਤਾਨਾ ਸੰਬੰਧਾਂ ਦੇ ਖ਼ਤਮ ਹੋਣ ਦਾ ਐਲਾਨ ਕਰਦਾ ਹਾਂ, ਤਦ ਸੰਭਵ ਹੈ ਕਿ ਸਾਰਾ ਮੁਲਕ ਹੀ ਇੱਕ-ਮੁੱਠ ਹੋ ਕੇ ਸਾਨੂੰ ਤਬਾਹ ਕਰਨ ਲਈ ਉੱਠ ਖਲੋਵੇ। ਇਸ ਵਿੱਚ ਕੋਈ ਸੰਦੇਹ ਨਹੀਂ, ਕਿ ਕੁਝ ਲੋਕਾਂ ਨੂੰ ਛੱਡ ਕੇ ਸਾਰੇ ਸਰਦਾਰ, ਫ਼ੌਜ ਅਤੇ ਆਮ ਜਨਤਾ ਅੰਦਰੋਂ ਸਾਰੇ ਵਿਰੋਧੀ ਹੀ ਨਹੀਂ, ਸਗੋਂ ਦੁਸ਼ਮਨ ਹਨ ਅਤੇ ਇਹ ਸਾਰੇ ਇਸ ਸਮੇਂ ਸਾਥੋਂ ਛੁਟਕਾਰਾ ਪਾਉਣਾ ਚਾਹੁੰਦੇ ਹਨ।"

ਇਸ ਲਈ ਉਸ ਨੇ ਸਲਾਹ ਦਿੱਤੀ, ਕਿ :

"ਲਾਹੌਰ ਸਰਕਾਰ ਅਤੇ ਅੰਗਰੇਜ਼ੀ ਸਰਕਾਰ ਵਿਚਕਾਰ ਜੰਗ ਛਿੜਨ ਦਾ ਐਲਾਨ, ਉਨ੍ਹਾਂ ਚਿਰ ਤੱਕ ਨਾ ਕੀਤਾ ਜਾਵੇ ਜਦੋਂ ਤਕ ਕਿ ਕਮਾਂਡਰ ਆਪਣੇ ਆਪ ਨੂੰ ਮਜ਼ਬੂਤ ਨਾ ਸਮਝੇ। ਮੇਰਾ ਵਿਚਾਰ ਹੈ ਕਿ ਹੁਣ ਇਹ ਐਲਾਨ ਕਰ ਦਿੱਤਾ ਜਾਵੇ ਕਿ ਸਰਕਾਰ ਅੰਗਰੇਜ਼ੀ ਪੰਜਾਬ ਉਤੇ ਕਬਜ਼ਾ ਕਰ ਲਵੇਗੀ ਅਤੇ ਐਲਾਨ ਵਿੱਚ ਇਹ ਭਾਵ ਸਪੱਸ਼ਟ ਕਰ

ਦਿੱਤਾ ਕਿ ਮਹਾਰਾਜਾ ਦਲੀਪ ਸਿੰਘ ਦੇ ਹਿੱਤ ਸੁਰੱਖਿਅਤ ਰੱਖੇ ਜਾਣਗੇ, ਕਿਉਂਕਿ ਉਸ ਦੀ ਉਮਰ ਇੰਨੀ ਛੋਟੀ ਹੈ ਕਿ ਉਸ ਨੂੰ ਲਾਹੌਰ ਰਾਜ ਦੇ ਗਲਤ ਵਤੀਰੇ ਲਈ ਜ਼ਾਤੀ ਤੌਰ ਤੇ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਮੇਰੇ ਖ਼ਿਆਲ ਵਿੱਚ ਆਪਣੇ ਪਹਿਲੇ ਐਲਾਨ ਵਿੱਚ ਸਰਕਾਰ ਨੂੰ ਅਜੇ ਇਸ ਤੋਂ ਵਧ ਹੋਰ ਕੋਈ ਗੱਲ ਨਹੀਂ ਕਹਿਣੀ ਚਾਹੀਦੀ। ਚੰਗਾ ਹੋਵੇ, ਜੇਕਰ ਇਹ ਐਲਾਨ ਵੀ ਉਦੋਂ ਤੱਕ ਨਾ ਕੀਤਾ ਜਾਵੇ, ਜਦੋਂ ਤਕ ਅਸੀਂ ਇਸ ਕਾਰਵਾਈ ਦੇ ਯੋਗ ਨਾ ਹੋ ਜਾਈਏ।... ਮੇਰਾ ਵਿਚਾਰ ਹੈ, ਕਿ ਸਾਨੂੰ ਪੰਜਾਬ ਨੂੰ ਚੁਪ-ਚਾਪ ਅੰਗਰੇਜ਼ੀ ਰਾਜ਼ ਵਿੱਚ ਮਿਲਾ ਲੈਣਾ ਚਾਹੀਦਾ ਹੈ ਅਤੇ ਮਹਾਰਾਜਾ ਦਲੀਪ ਸਿੰਘ ਦੇ ਆਰਾਮ ਲਈ ਯੋਗ ਪਰਬੰਧ ਕਰ ਦੇਣੇ ਚਾਹੀਦੇ ਹਨ।"

ਇਸ ਮਗਰੋਂ ਨਵੰਬਰ ੧੮੪੮ ਵਿੱਚ ਫਿਰੋਜ਼ਪੁਰ ਵਿੱਚ ਇੱਕ ਵੱਡਾ ਲਸ਼ਕਰ ਤਿਆਰ ਕੀਤਾ ਗਿਆ ਅਤੇ ਕਮਾਂਡਰ-ਇਨ-ਚੀਫ਼ ਲਾਰਡ ਗਫ ੧੩ ਨਵੰਬਰ ਨੂੰ ਲਾਹੌਰ, ਅਤੇ ਉਸ ਤੋਂ ਤਿੰਨ ਦਿਨਾਂ ਮਗਰੋਂ ਚਨਾਬ ਦੇ ਸੱਜੇ ਕੰਢੇ ਉਤੇ ਜਾ ਪਹੁੰਚਿਆ, ਜਿਥੇ ਸ਼ੇਰ ਸਿੰਘ ਦੀ ਫ਼ੌਜ ਨੇ ਡੇਰੇ ਲਾਏ ਹੋਏ ਸਨ। ਅੰਗਰੇਜ਼ਾਂ ਵਲੋਂ ਜੰਗ ਦਾ ਕੋਈ ਐਲਾਨ ਨਹੀਂ ਕੀਤਾ ਗਿਆ ਸੀ। "ਲਾਰਡ ਗਫ ਨੂੰ ਲਾਹੌਰ ਤੋਂ ਚਾਲੇ ਪਾਉਣ ਤੋਂ ਮਗਰੋਂ ਪਤਾ ਲੱਗਾ ਕਿ ਇਹ ਜੰਗ ਦਰਬਾਰ ਦੀ ਸਹਾਇਤਾ ਲਈ ਨਹੀਂ ਸਗੋਂ ਇਸ ਦੇ ਵਿਰੁਧ ਹੈ।"

ਇਸ ਲਈ ਉਸ ਨੇ ੧੫ ਨਵੰਬਰ ੧੮੪੮ ਨੂੰ ਲਿਖਿਆ ਕਿ :

"ਮੈਨੂੰ ਇਹ ਪਤਾ ਨਹੀਂ ਕਿ ਸਾਡੀ ਸੁਲਾਹ ਹੈ ਜਾਂ ਲੜਾਈ, ਜਾਂ ਫਿਰ ਅਸੀਂ ਕਿਸੇ ਦੇ ਪੱਖ 'ਚ ਲੜ ਰਹੇ ਹਾਂ?"

ਕਮਾਂਡਰ-ਇਨ-ਚੀਫ਼ ਲਾਰਡ ਹਿਊ ਗਫ,ਜਿਸ ਨੇ ਫਿਰੋਜ਼ਸ਼ਾਹ ਅਤੇ ਸਭਰਾਉਂ ਦੀ ਜੰਗ ਵਿੱਚ ਸਿੱਖਾਂ ਦੇ ਹੱਥ ਦੇਖ ਲਏ ਸਨ, ਘਬਰਾ ਗਿਆ ਅਤੇ ਪੰਜ ਹਫ਼ਤੇ ਇਕੋ ਥਾਂ ਰਾਜਾ ਸ਼ੇਰ ਸਿੰਘ ਤੋਂ ਦਸ ਮੀਲ ਦੀ ਵਿੱਥ ਤੇ ਡੇਰਾ ਜਮਾਈ ਬੈਠਾ ਰਿਹਾ। ਇਸ ਦੌਰਾਨ ਦੋਵੇਂ ਫ਼ੌਜਾਂ ਕਿਸੇ ਕਿਸਮ ਦੀ ਹਰਕਤ ਵਿੱਚ ਨਾ ਆਈਆਂ।

ਬਰਟਨ ਅਨੁਸਾਰ :

"ਲਾਰਡ ਗਫ ਦੀ ਆਪਣੀ ਇਹ ਰਾਏ ਸੀ, ਕਿ ਉਸ ਦੀ ਤਾਕਤ

ਮੁਕਾਬਲੇ ਲਈ ਕੋਈ ਖ਼ਾਸ ਤਕੜੀ ਨਹੀਂ ਸੀ ਅਤੇ ਉਨ੍ਹਾਂ ਨੂੰ ਮੁਲਤਾਨ ਦੀ ਫ਼ਤਹਿ ਤਕ ਉਡੀਕਣਾ ਬਹੁਤ ਚੰਗਾ ਰਹੇਗਾ। ਇਸ ਤਰ੍ਹਾਂ ਮੁਲਤਾਨ ਦੀ ਜਿੱਤ ਪਿਛੋਂ ਉਥੋਂ ਦੀ ਫ਼ੌਜ ਵਿਹਲੀ ਹੋ ਕੇ ਸਿੱਖਾਂ ਉਤੇ ਹਮਲਾ ਕਰਨ ਤੋਂ ਪਹਿਲਾਂ ਆ ਪਹੁੰਚੇਗੀ।"

ਪਰੰਤੂ ਸ: ਚਤਰ ਸਿੰਘ ਦੁਆਰਾ ਪਿਸ਼ਾਵਰ ਤੇ ਅਟਕ ਦੇ ਜਿਤੇ ਜਾਣ ਦੀ ਖ਼ਬਰ ਅੰਗਰੇਜ਼ੀ ਕੈਂਪ ਵਿੱਚ ਪੁੱਜ ਚੁੱਕੀ ਸੀ, ਇਸ ਲਈ ਗਵਰਨਰ-ਜਨਰਲ ਨੇ ਕਮਾਂਡਰ-ਇਨ-ਚੀਫ਼ ਨੂੰ ਸ਼ੇਰ ਸਿੰਘ ਨਾਲ ਉਸ ਦੇ ਪਿਤਾ ਦੀ ਫੌਜ ਦੀ ਕੁਮਕ ਪਹੁੰਚਣ ਤੋਂ ਪਹਿਲਾਂ ਹੀ ਲੋਹਾ ਲੈਣ ਲਈ ਮਜਬੂਰ ਕਰ ਦਿੱਤਾ। ਇਸ ਕਰਕੇ ਲਾਰਡ ਗਫ ਨੇ ੧੩ ਜਨਵਰੀ ੧੮੪੯ ਨੂੰ ਹਮਲਾ ਕਰ ਦਿੱਤਾ, ਜਿਸ ਦਾ ਸਿੱਖ ਤੋਪਖ਼ਾਨੇ ਨੇ ਵਾਹਵਾ ਢੁਕਵਾਂ ਜਵਾਬ ਦਿੱਤਾ। ਲਾਰਡ ਗਫ ਨਾਲ ਕਰਨਲ ਸਟੀਨਬੈਕ ਅਧੀਨ ਜੰਮੂ ਦੀ ਫੌਜ ਅਤੇ ਦਰਬਾਰ ਦੀ ਫ਼ੌਜ ਵੀ ਸੀ।

ਇਹ ਇੱਕ ਬੜੀ ਘਮਸਾਨ ਦੀ ਅਤੇ ਅਤਿ ਭਿਆਨਕ ਜੰਗ ਸੀ। ਅੰਗਰੇਜ਼ੀ ਹਿੰਦੁਸਤਾਨ ਅਤੇ ਇੰਗਲੈਂਡ ਵਿੱਚ ਚਿਲਿਆਂ ਵਾਲਾ ਦੀ ਲੜਾਈ ਨੇ ਹਫੜਾ-ਦਫੜੀ ਮਚਾ ਦਿੱਤੀ ਅਤੇ ਇਸ ਨੂੰ ਅਫ਼ਗਾਨਿਸਤਾਨ ਵਾਲੀ ਤਬਾਹੀ ਨਾਲੋਂ ਵੀ ਜ਼ਿਆਦਾ ਗੰਭੀਰ ਸਮਝਿਆ ਗਿਆ। ਆਦਮਜ਼ ਲਿਖਦਾ ਹੈ:

"ਚਿਲਿਆਂ ਵਾਲਾ ਦੀ ਲੜਾਈ ਕੋਈ ਜਿੱਤ ਨਹੀਂ ਸੀ। ਜਦੋਂ ਇੰਗਲੈਂਡ ਵਿਖੇ ਇਸ ਦੀ ਖ਼ਬਰ ਪੁੱਜੀ ਤਾਂ ਸਾਰੀ ਅੰਗਰੇਜ਼ ਕੌਮ ਵਿੱਚ ਸੋਗ ਛਾ ਗਿਆ ਅਤੇ ਮਾਤਮ ਦੀ ਸਫ਼ ਵਿਛ ਗਈ। ਫ਼ੌਜੀ ਸਫ਼ਲਤਾਵਾਂ ਦੀ ਲੰਬੀ ਲੜੀ ਨੇ ਉਹਨਾਂ ਵਿੱਚ ਇਹ ਭੈੜੀ ਖ਼ਬਰ ਸੁਣਨ ਲਈ ਠਰ੍ਹੰਮਾ ਨਹੀਂ ਰਹਿਣ ਦਿੱਤਾ ਸੀ। ਉਹ ਇਹ ਸੁਣਨ ਲਈ ਤਿਆਰ ਨਹੀਂ ਸਨ, ਕਿ ਅੰਗਰੇਜ਼ੀ ਤੋਪਾਂ ਅਤੇ ਝੰਡੇ ਖੋਹ ਲਏ ਗਏ ਹਨ, ਅੰਗਰੇਜ਼ੀ ਫ਼ੌਜ ਪੂਰਾ ਟਿੱਲ ਲਾ ਕੇ ਵੀ ਖਿੰਡੇ-ਪੁੰਡੇ ਹੋਏ ਭਾਰਤੀ ਲੋਕਾਂ ਤੋਂ ਜਿੱਤ ਪ੍ਰਾਪਤ ਨਹੀਂ ਕਰ ਸਕੀ। ਇਹ ਮਹਿਸੂਸ ਕੀਤਾ ਗਿਆ, ਕਿ ਭਾਰਤ ਵਿੱਚ ਅੰਗਰੇਜ਼ੀ ਵਕਾਰ ਨੂੰ ਕਰਾਰੀ ਸੱਟ ਲੱਗੀ ਹੈ, ਆਮ ਤੌਰ ਤੇ ਇਸ ਤਬਾਹੀ ਦਾ ਵੱਡਾ ਕਾਰਨ ਕਮਾਂਡਰ-ਇਨ-ਚੀਫ਼ ਦੀਆਂ ਗ਼ਲਤੀਆਂ ਨੂੰ ਸਮਝਿਆ ਗਿਆ ਹੈ। 'ਟਾਈਮਜ਼ ਆਫ਼ ਲੰਡਨ' ਨੇ ਬੜੇ ਦੁੱਖ ਨਾਲ ਐਲਾਨ ਕੀਤਾ ਕਿ "ਲਾਰਡ ਗਫ ਸਾਡੇ ਜਵਾਨਾਂ

ਦੀਆਂ ਜਾਨਾਂ ਨਾਲ ਖੇਡ ਰਿਹਾ ਹੈ।"

ਬੋਰਡ ਆਫ਼ ਡਾਇਰੈਕਟਰ ਦੇ ਪ੍ਰਧਾਨ ਸਰ ਜਾਨ ਹਾਬ ਹਾਊਸ ਨੇ ੭ ਮਾਰਚ, ੧੮੪੯ ਨੂੰ ਕਿਹਾ ਕਿ :

"ਇਸ ਤਬਾਹੀ ਨੇ ਸਾਡੀ ਸਫਲਤਾ ਉਤੇ ਪੋਚਾ ਫੇਰ ਦਿੱਤਾ ਹੈ। ਲੋਕਾਂ ਦੇ ਮਨਾਂ ਉਤੇ ਇਸ ਦਾ ਕਾਬਲ ਦੇ ਕਤਲਾਮ ਨਾਲੋਂ ਵੀ ਵਧੇਰੇ ਡੂੰਘਾ ਅਸਰ ਪਿਆ। ਨਤੀਜਾ ਇਹ ਹੋਇਆ ਕਿ ਇਸ ਖ਼ਬਰ ਦੇ ਪੁੱਜਣ ਤੋਂ ੪੮ ਘੰਟੇ ਦੇ ਅੰਦਰ-ਅੰਦਰ ਇਹ ਫੈਸਲਾ ਕੀਤਾ ਗਿਆ, ਕਿ ਸਰ ਚਾਰਲਸ ਨੇਪੀਅਰ ਨੂੰ ਹਿੰਦੁਸਤਾਨੀ ਫ਼ੌਜ ਦੀ ਕਮਾਨ ਲਈ ਭੇਜਿਆ ਜਾਵੇ। ਇਥੋਂ ਤੱਕ ਕਿ ਨੇਪੀਅਰ ਦੇ ਕਿਸੇ ਪ੍ਰਕਾਰ ਦੀ ਹਿਚਕਚਾਹਟ ਪ੍ਰਗਟ ਕਰਨ ਦੀ ਸੂਰਤ ਵਿੱਚ, ਨੈਪੋਲੀਅਨ ਦੇ ਜੇਤੂ ੮੦ ਸਾਲਾ ਡਿਊਕ-ਆਫ ਵੈਲਿੰਗਟਨ ਨੇ ਸਿੱਖਾਂ ਵਿਰੁੱਧ ਲੜਨ ਲਈ ਹਿੰਦੁਸਤਾਨ ਜਾਣ ਵਾਸਤੇ ਆਪਣੇ ਆਪ ਨੂੰ ਅਰਪਣ ਕਰ ਦਿੱਤਾ। ਉਸ ਨੇ ਨੇਪੀਅਰ ਨੂੰ ਕਿਹਾ "ਜੇ ਤੁਸੀਂ ਨਹੀਂ ਜਾਵੋਗੇ, ਤਾਂ ਮੈਂ ਅਵੱਸ਼ ਜਾਵਾਂਗਾ।"

ਅਗਲੀ ਸਵੇਰ ਸਿੱਖ ਤੋਪਾਂ ਨੇ ਜਿੱਤ ਦੀ ਖੁਸ਼ੀ ਵਿੱਚ ੨੧ ਤੋਪਾਂ ਦੀ ਸਲਾਮੀ ਦਿੱਤੀ। ਅੰਗਰੇਜ਼ ਵੀ ਜਿੱਤ ਦਾ ਦਾਅਵਾ ਕਰਦੇ ਸਨ, ਪਰ ਲਾਰਡ ਡਲਹੌਜ਼ੀ ਨੇ ੨੨-੧-੧੮੪੯ ਨੂੰ ਡਿਊਕ ਆਫ਼ ਵੈਲਿੰਗਟਨ ਨੂੰ ਗੁਪਤ ਤੌਰ ਤੇ ਲਿਖਿਆ ਕਿ :

"ਲੋਕਾਂ ਵਿੱਚ ਤਾਂ ਮੈਂ ਇਹੋ ਪ੍ਰਗਟ ਕਰਦਾ ਹਾਂ, ਕਿ ਸਾਡੀ ਵੱਡੀ ਜਿੱਤ ਹੋਈ ਹੈ, ਪਰ ਤੁਹਾਨੂੰ ਗੁਪਤ ਰੂਪ ਵਿੱਚ ਲਿਖਦਿਆਂ, ਤੇ ਮੈਨੂੰ ਇਹ ਕਹਿਣ ਵਿੱਚ ਕੋਈ ਝਿੱਜਕ ਨਹੀਂ, ਕਿ ਮੇਰੀ ਹਾਲਤ ਅਤਿ ਗੰਭੀਰ ਹੈ।"

ਮੂਲਰਾਜ ਨੇ ੨੨ ਜਨਵਰੀ ੧੮੪੯ ਨੂੰ ਜਨਰਲ ਵਿਸ਼ੁ ਅੱਗੇ ਹਥਿਆਰ ਸੁੱਟ ਦਿੱਤੇ, ਜਿਸ ਦੀ ਸਹਾਇਤਾ ਦਰਬਾਰ ਦੀ ਫ਼ੌਜ ਨੇ ਕੀਤੀ ਅਤੇ ਰਾਜਾ ਸ਼ੇਰ ਸਿੰਘ ੨੧ ਫ਼ਰਵਰੀ, ੧੮੪੯ ਨੂੰ ਗੁਜਰਾਤ ਦੀ ਲੜਾਈ ਹਾਰ ਗਿਆ। ਜਨਰਲ ਥੇਕਵੇਲ ਗੁਜਰਾਤ ਦੀ ਲੜਾਈ ਵਿੱਚ ਮੌਜੂਦ ਸੀ। ਉਹ ਇਸ ਬਾਰੇ ਲਿਖਦਾ ਹੈ, ਕਿ :

"ਇਸ ਲੜਾਈ ਵਿੱਚ ਅਤੇ ਚਿਲਿਆਂ ਵਾਲੇ ਦੀ ਲੜਾਈ ਵਿੱਚ ਸਿੱਖ ਆਪਣੇ ਹਮਲਾਵਰਾਂ ਦੇ ਸੰਗੀਨ ਤਾਂ ਆਪਣੇ ਖੱਬੇ ਹੱਥਾਂ ਨਾਲ ਫੜ

ਲੈਂਦੇ ਸਨ, ਅਤੇ ਉਨ੍ਹਾਂ ਦੇ ਲਾਗੇ ਹੋ ਕੇ ਆਪਣੇ ਸੱਜੇ ਹੱਥਾਂ ਨਾਲ ਉਨ੍ਹਾਂ ਤੇ ਤਲਵਾਰਾਂ ਦੇ ਘਾਤਕ ਵਾਰ ਕਰਦੇ ਸਨ। ਇਤਨੀ ਗੱਲ ਦੱਸਣੀ ਹੀ ਕਾਫੀ ਹੋਵੇਗੀ, ਜੋ ਸਿੱਧ ਕਰਦੀ ਹੈ ਕਿ ਇਨ੍ਹਾਂ ਲੋਕਾਂ ਦੇ ਹੌਂਸਲੇ ਦੀ ਮਿਸਾਲ ਕਿਧਰੇ ਨਹੀਂ ਮਿਲਦੀ।"

੧੧ ਮਾਰਚ, ੧੮੪੯ ਨੂੰ ਅਟਾਰੀ ਵਾਲੇ ਸਰਦਾਰਾਂ ਨੇ ਹੁਰਮੁਕ ਵਿਖੇ ਜਨਰਲ ਗਿਲਬਰਟ ਦੇ ਸਾਹਮਣੇ ਹਥਿਆਰ ਸੁੱਟ ਦਿੱਤੇ। ਤਿੰਨ ਦਿਨ ਮਗਰੋਂ ਸਾਰੀ ਸਿੱਖ ਫ਼ੌਜ ਨੇ ਹੀ ਹਥਿਆਰ ਸੁੱਟ ਦਿੱਤੇ। ਜਨਰਲ ਥੇਕਵੇਲ ਨੇ ਇਸ ਦ੍ਰਿਸ਼ ਦਾ ਇਉਂ ਵਰਣਨ ਕੀਤਾ ਹੈ :

"ਪੁਰਾਣੇ ਖ਼ਾਲਸਾ ਸੈਨਿਕਾਂ ਵਲੋਂ ਹਥਿਆਰ ਹਵਾਲੇ ਕਰਨ ਦੀ ਝਿਜਕ ਪ੍ਰਤੱਖ ਰੂਪ ਵਿੱਚ ਦਿਸਦੀ ਸੀ। ਕੁਝ ਇੱਕ ਤਾਂ ਆਪਣੇ ਹੰਝੂਆਂ ਨੂੰ ਵੀ ਨਾ ਠੱਲ੍ਹ ਸਕੇ ਤੇ ਦੂਜੇ ਸਿਪਾਹੀਆਂ ਦੇ ਮੂੰਹ ਗੁੱਸੇ ਤੇ ਘ੍ਰਿਣਾ ਨਾਲ ਸਹੇ ਹੋਏ ਪਏ ਸਨ।"

"ਅੱਜ ਰਣਜੀਤ ਸਿੰਘ ਮਰ ਗਿਆ" — ਇੱਕ ਚਿੱਟੀ ਦਾੜ੍ਹੀ ਵਾਲੇ ਬਿਰਧ ਬਾਬੇ ਦੀ ਆਪਣੀ ਬੰਦੂਕ ਸੁਟਦਿਆਂ ਕਹੀ ਹੋਈ ਇਸ ਗੱਲ ਵਿੱਚ ਪੰਜਾਬ ਦਾ ਸਾਰਾ ਇਤਿਹਾਸ ਸਮੋਇਆ ਹੋਇਆ ਹੈ।

੨੯ ਮਾਰਚ, ੧੮੪੯ ਨੂੰ ਕਿਲ੍ਹੇ ਵਿੱਚ ਇੱਕ ਦਰਬਾਰ ਕੀਤਾ ਗਿਆ। ਪੰਜਾਬ ਨੂੰ ਬਰਤਾਨਵੀ ਸਰਕਾਰ ਵਲੋਂ ਜ਼ਬਤ ਕਰ ਲੈਣ ਦਾ ਐਲਾਨ ਕੀਤਾ ਗਿਆ। ਜਦੋਂ ਰਣਜੀਤ ਸਿੰਘ ਮਈ, ੧੭੯੯ ਵਿੱਚ ਲਾਹੌਰ ਦੇ ਕਿਲ੍ਹੇ ਅੰਦਰ ਦਾਖਲ ਹੋਇਆ ਸੀ, ਉਸ ਤੋਂ ਪੂਰੇ ਪੰਜਾਹ ਸਾਲ ਮਗਰੋਂ ਰਣਜੀਤ ਸਿੰਘ ਦੀ ਸਲਤਨਤ ਦਾ ਸੂਰਜ ਹਮੇਸ਼ਾਂ ਲਈ ਡੁਬ ਗਿਆ। ਸਿੱਖ ਰਾਜ ਲਈ ਕਿਤਨਾ ਸ਼ੋਕਮਈ ਦਿਹਾੜਾ ਸੀ। ਇਸ ਮੌਕੇ ਤੇ ਹੈਨਰੀ ਈਲੀਅਟ ਨੇ ਇਹ ਐਲਾਨ ਪੜ੍ਹਿਆ, ਕਿ :

"ਅੰਗਰੇਜ਼ਾਂ ਨੇ ਆਪਣੇ ਬਚਨ ਦੀ ਪਾਲਣਾ ਪੂਰੀ ਤਰ੍ਹਾਂ ਕੀਤੀ ਹੈ ਅਤੇ ਸੰਧੀਆਂ ਅਧੀਨ ਲਗੀਆਂ ਪਾਬੰਦੀਆਂ ਨੂੰ ਪੂਰੀ ਸਾਵਧਾਨੀ ਨਾਲ ਨਿਭਾਇਆ ਹੈ।

"ਪਰੰਤੂ, ਸਿੱਖ ਜਨਤਾ ਅਤੇ ਉਨ੍ਹਾਂ ਦੇ ਸਰਦਾਰਾਂ ਨੇ ਉਨ੍ਹਾਂ ਸਾਰੇ ਇਕਰਾਰਨਾਮਿਆਂ ਨੂੰ ਬੇਈਮਾਨੀ ਤੇ ਕਪਟ ਨਾਲ ਭੰਗ ਕੀਤਾ ਹੈ, ਜਿਨ੍ਹਾਂ ਦੇ ਕਿ ਉਹ ਪਾਬੰਦ ਸਨ।"

"ਅੰਤ ਨੂੰ ਰਾਜ ਦੀ ਫ਼ੌਜ, ਸਾਰੀ ਸਿੱਖ ਕੌਮ ਸਮੇਤ ਪੰਜਾਬ ਦੇ ਅਨੇਕਾਂ ਸਰਦਾਰਾਂ ਨੇ (ਜਿਨ੍ਹਾਂ ਨੇ ਇਨ੍ਹਾਂ ਇਕਰਾਰਨਾਮਿਆਂ ਉਤੇ ਦਸਤਖ਼ਤ ਕੀਤੇ ਸਨ), ਰੀਜੈਂਸੀ ਦੇ ਇੱਕ ਮੈਂਬਰ ਦੀ ਅਗਵਾਈ ਹੇਠ ਸਾਡੇ ਵਿਰੁਧ ਬਗ਼ਾਵਤ ਕੀਤੀ ਅਤੇ ਅੰਗਰੇਜ਼ਾਂ ਦੀ ਸ਼ਕਤੀ ਨੂੰ ਤਬਾਹ ਕਰਨ ਦੇ ਮੰਤਵ ਨਾਲ ਅਲ-ਐਲਾਨੀਆ ਖ਼ੂਨੀ ਜੰਗ ਕੀਤੀ।"

ਇਸ ਤਰ੍ਹਾਂ ਸਿੱਖ ਬਗ਼ਾਵਤ ਦਾ ਕੋਝਾ ਬਹਾਨਾ ਬਣਾ ਕੇ ਅੰਗਰੇਜ਼ ਅਖ਼ੀਰ ਪੰਜਾਬ ਦੇ ਇਲਹਾਕ ਦੀਆਂ ਚਾਲਾਂ ਵਿੱਚ ਸਫ਼ਲ ਹੋ ਗਏ, ਭਾਵੇਂ ਜਨਰਲ ਗੋਰਟਲੈਂਡ, ਸਰਦਾਰ ਫ਼ਤਹਿ ਸਿੰਘ, ਮਿਸਰ ਸਾਹਿਬ ਦਿਆਲ, ਦੀਵਾਨ ਜਵਾਹਰ ਮੱਲ, ਸ਼ੇਖ ਇਮਾਮੁਦੀਨ, ਸਰਦਾਰ ਝੰਡਾ ਸਿੰਘ, ਕਰਨਲ ਭੂਪ ਸਿੰਘ, ਕਰਨਲ ਬਹਾਦੁਰ ਸਿੰਘ, ਕਰਨਲ ਬੁੱਧ ਸਿੰਘ, ਬਾਬੂ ਪਾਂਡੇ, ਕਰਨਲ ਨੂਰਦੀਨ, ਜਰਨਲ ਸੁਲਤਾਨ ਮਹਿਮੂਦ ਅਤੇ ਹੋਰ ਫ਼ੌਜੀ ਅਧਿਕਾਰੀਆਂ ਦੀ ਕਮਾਨ ਅਧੀਨ ਫ਼ੌਜਾਂ ਵਫ਼ਾਦਾਰ ਰਹੀਆਂ ਅਤੇ ਉਹਨਾਂ ਨੇ ਲਾਹੌਰ ਦਰਬਾਰ ਦੇ ਹੁਕਮ ਅਨੁਸਾਰ ਲਫ਼ਟੈਨ ਐਡਵਰਡਜ, ਲੇਕ ਅਤੇ ਕਪਤਾਨ ਐਬਟ ਅਤੇ ਨਿਕਲਸਨ ਦੇ ਹੁਕਮਾਂ ਦੀ ਪੂਰੀ ਪਾਲਣਾ ਕੀਤੀ। ੧੫ ਨਵੰਬਰ, ੧੮੪੮ ਤੱਕ ਵੀ ਜਦੋਂ ਅੰਗਰੇਜ਼ੀ ਕਮਾਂਡਰ-ਇਨ-ਚੀਫ਼ ਲਾਰਡ ਗਫ਼ ਪੰਜਾਬ ਦੇ ਇਲਾਕੇ ਵਿੱਚ ਦਾਖ਼ਲ ਹੋਇਆ ਸੀ, ਅਤੇ ਰਾਜਧਾਨੀ ਵਿੱਚ ਟਿਕਿਆ ਹੋਇਆ ਸੀ, ਲਾਹੌਰ ਦਰਬਾਰ ਨੇ ਅੰਗਰੇਜ਼ੀ ਰੈਜ਼ੀਡੈਂਟ ਦੀ ਇੱਛਾ ਅਨੁਸਾਰ ਆਪਣੇ ਦੋ ਮੁਖੀ ਅਧਿਕਾਰੀਆਂ ਸਰਦਾਰ ਬੂੜ ਸਿੰਘ ਅਤੇ ਦੀਵਾਨ ਕਿਸ਼ਨ ਲਾਲ ਨੂੰ ਹੁਕਮ ਦਿਤਾ ਸੀ, ਕਿ ਉਹ ਰਾਮ ਨਗਰ ਤੱਕ (ਰਾਜਾ ਸ਼ੇਰ ਸਿੰਘ ਦੇ ਵਿਰੁੱਧ) ਕਮਾਂਡਰ-ਇਨ-ਚੀਫ਼ ਅਤੇ ਉਸ ਦੀ ਫ਼ੌਜ ਦੀ ਅਗਵਾਈ ਕਰਨ, ਉਨ੍ਹਾਂ ਦੇ ਸੁਖ ਆਰਾਮ ਦਾ ਪੂਰਾ ਧਿਆਨ ਰੱਖਣ, ਅਤੇ ਉਨ੍ਹਾਂ ਦੀ ਖ਼ੁਰਾਕ ਆਦਿ ਦਾ ਪ੍ਰਬੰਧ ਕਰਨ।

ਰਾਜ ਦੇ ਕੇਂਦਰੀ ਸਿੱਖ ਇਲਾਕੇ ਵਿੱਚ ਫ਼ੌਜਾਂ ਨੇ ਜਾਂ ਲੋਕਾਂ ਨੇ ਕੋਈ ਬਗਾਵਤ ਨਹੀਂ ਸੀ ਕੀਤੀ, ਨਾ ਹੀ ਕਿਸੇ ਇੱਕ ਵੀ ਅੰਗਰੇਜ਼ ਅਫ਼ਸਰ ਉਤੇ ਹਮਲਾ ਕੀਤਾ ਸੀ। ਅੰਗਰੇਜ਼ ਰੈਜ਼ੀਡੈਂਟ ਰਾਜਧਾਨੀ ਵਿੱਚ ਟਿਕਿਆ ਰਿਹਾ ਅਤੇ ਰੀਜੈਂਸੀ ਕੌਂਸਲ ਅਤੇ ਦਰਬਾਰ ਨੂੰ ਹੁਕਮ ਜਾਰੀ ਕਰਦਾ ਰਿਹਾ ਅਤੇ ਉਹ ਹਰ ਪ੍ਰਕਾਰ ਦਾ ਸਹਿਯੋਗ ਦੇਂਦੇ ਰਹੇ। ਰੀਜੈਂਸੀ ਦੇ ਅੱਠਾਂ ਮੈਂਬਰਾਂ ਵਿਚੋਂ ਕੇਵਲ ਇੱਕ ਮੈਂਬਰ ਰਾਜਾ ਸ਼ੇਰ ਸਿੰਘ ਹੀ ਬਾਗੀਆਂ ਨਾਲ ਮਿਲਿਆ ਸੀ ਤੇ ਉਸ ਨੂੰ ਵੀ ਕਪਤਾਨ ਐਬਟ ਦੀਆਂ ਉਸ ਦੇ ਪਿਤਾ ਤੇ ਹਜ਼ਾਰਾ ਦੇ ਗਵਰਨਰ ਸਰਦਾਰ ਚਤਰ ਸਿੰਘ ਵਿਰੁੱਧ ਕਮੀਨੀਆਂ ਹਰਕਤਾਂ

ਤੇ ਜ਼ਿਆਦਤੀਆਂ ਕਾਰਨ ਆਕੀ ਹੋਣਾ ਪਿਆ ਸੀ, ਬਾਕੀ ਸਾਰੇ ਮੈਂਬਰ ਪੂਰੀ ਤਰ੍ਹਾਂ ਆਗਿਆਕਾਰ ਤੇ ਵਫ਼ਾਦਾਰ ਰਹੇ।

ਬਗ਼ਾਵਤ ਵਿੱਚ ਸ਼ਰੀਕ ਨਾ ਹੋਣ ਵਾਲੀ ਫ਼ੌਜ ਦੀ ਬਹੁ-ਗਿਣਤੀ ਤੋਂ ਇਲਾਵਾ ਮੇਜਰ ਬੈਲ ਦੇ ਕਥਨ ਅਨੁਸਾਰ "ਘੱਟੋਂ ਘੱਟ ਲਾਹੌਰ ਰਾਜ ਦੇ ੨੦ ਹਜ਼ਾਰ ਬੰਦੇ ਫ਼ੌਜ ਵਿੱਚ ਭਰਤੀ ਹੋ ਕੇ ਸਰਕਾਰ ਵਲੋਂ ਲੜੇ ਅਤੇ ਇਸ ਬਗ਼ਾਬਤ ਨੂੰ ਦਬਾਉਣ ਵਿੱਚ ਸਹਾਈ ਹੋਏ। ਉਹਨਾਂ ਵਿਚਾਰਿਆਂ ਨੂੰ ਕੀ ਪਤਾ ਸੀ ਕਿ ਇਸ ਦੇ ਅੰਤ ਵਿੱਚ ਉਹਨਾਂ ਦਾ ਦੇਸ਼ ਸਦਾ ਲਈ ਅੰਗਰੇਜ਼ੀ ਕਬਜ਼ੇ ਹੇਠ ਚਲਾ ਜਾਵੇਗਾ।"

ਜਾਨ ਸਲੀਵਾਨ ਲਿਖਦਾ ਹੈ ਕਿ :

> "ਇਤਿਹਾਸ ਵਿੱਚ ਸ਼ਾਇਦ ਇਹ ਪਹਿਲੀ ਮਿਸਾਲ ਸੀ ਕਿ ਕਿਸੇ ਸਰਪ੍ਰਸਤ ਨੇ ਆਪਣੀਆਂ ਹੀ ਗਲਤਕਾਰੀਆਂ ਦੀ ਸਜ਼ਾ ਆਪਣੇ ਆਸ਼ਰਤ ਰਾਜੇ ਨੂੰ ਦਿੱਤੀ ਹੋਵੇ। ਬਰਤਾਨਵੀ ਸਰਕਾਰ ਰਾਜੇ ਦੀ ਆਪੇ ਹੀ ਸਰਪ੍ਰਸਤ ਬਣ ਬੈਠੀ ਸੀ ਤੇ ਆਪ ਹੀ ਉਸ ਦੇ ਰਾਜ ਦੀ ਰੀਜੈਂਟ ਵੀ।"

ਸਰਪ੍ਰਸਤ ਦੇ ਏਜੰਟਾਂ ਤੇ ਟੋਡੀਆਂ ਨੇ ਇਸ ਬਗ਼ਾਵਤ ਨੂੰ ਭੜਕਾਇਆ ਤੇ ਸ਼ਹਿ ਦਿੱਤੀ। ਸਰਪ੍ਰਸਤ ਨੇ ਇਹ ਵੀ ਮੰਨਿਆਂ ਕਿ ਇਹ ਬਗ਼ਾਵਤ ਨਾਬਾਲਗ ਸ਼ਹਿਜ਼ਾਦੇ ਦੀ ਸਰਪ੍ਰਸਤ ਸਰਕਾਰ ਵਿਰੁਧ ਸੀ ਅਤੇ ਸਰਪ੍ਰਸਤ ਨੇ ਆਪ ਹੀ ਆਪਣੇ ਆਸ਼ਰਤ ਸਹਿਜ਼ਾਦੇ ਨੂੰ ਸਜ਼ਾ ਦਿੱਤੀ, ਜਿਸ ਦੇ ਫਲਸਰੂਪ ਉਸ ਦਾ ਅਮਾਨਤੀ ਰਾਜ ਤੇ ਹੀਰੇ ਜਵਾਹਰਾਤ ਜ਼ਬਤ ਕਰ ਲਏ। ਕਿੱਡਾ ਸੋਹਣਾ ਨਿਆਂ ਸੀ?

ਪਰੰਤੂ, ਲਾਰਡ ਡਲਹੌਜ਼ੀ ਨੂੰ ਇਸ ਗੱਲ ਦੀ ਪਰਵਾਹ ਨਹੀਂ ਸੀ ਕਿ ਇਤਿਹਾਸ ਕੀ ਲਿਖੇਗਾ? ਜਾਂ ਉਸ ਵਿੱਚ ਕੀ ਅੰਕਤ ਕੀਤਾ ਜਾਵੇਗਾ? ਉਸ ਨੇ ਕਦੀ ਇਸ ਗੱਲ ਨੂੰ ਅਨੁਭਵ ਨਹੀਂ ਕੀਤਾ ਸੀ, ਕਿ ਉਸ ਨੇ ਇੱਕ ਮਾਸੂਮ ਯਤੀਮ ਦਸ ਸਾਲਾ ਬਾਲਕ ਮਹਾਰਾਜਾ ਦਲੀਪ ਸਿੰਘ ਦੀ ਕਿਹੋ ਜਿਹੀ ਦੁਰਦਸ਼ਾ ਕਰ ਦਿੱਤੀ ਸੀ, ਜਿਸ ਨੂੰ ਨੌਂ ਸਾਲ ਦੀ ਅਵਸਥਾ ਵਿੱਚ ਹੀ ਆਪਣੀ ਮਾਂ ਤੋਂ ਜ਼ਬਰਦਤੀ ਅੱਡ ਕਰ ਦਿੱਤਾ ਗਿਆ ਸੀ ਅਤੇ ਜਿਸ ਨੂੰ ਬੜੀ ਬੇਦਰਦੀ ਨਾਲ ਆਪਣੇ ਹੀ ਰਾਜ ਤੋਂ ਜਲਾਵਤਨ ਕਰ ਦਿੱਤਾ ਗਿਆ ਸੀ।

ਇਸ ਵਿਸਾਹਘਾਤ ਦਾ ਹੀ ਸ਼ਾਇਦ ਫਲ ਸੀ, ਜੋ ਅਖੀਰ ਲਾਰਡ ਡਲਹੌਜ਼ੀ ਦੀ ਆਪਣੀ ਮੇਮ ਹੀ ਮਰ ਗਈ ਤੇ ਉਸ ਦੇ ਆਪਣੇ ਬੱਚੇ ਮਾਂ-ਮਹਿੱਟਰ ਹੋ ਗਏ

(ਚਾਹੇ ਪਿਓ ਹਾਲੀ ਜਿਉਂਦਾ ਹੀ ਸੀ )। ਇਹ ਦੋਸ਼ ਅਨੁਭਵ ਕਰਦਾ ਹੋਇਆ, ਉਹ ਜੂਨ ੧੮੫੩ ਦੇ ਆਖ਼ਰੀ ਹਫ਼ਤੇ ਵਿੱਚ ਕਰਨਲ ਮਾਊਂਟੇਨ ਨੂੰ ਲੇਡੀ ਡਲਹੌਜ਼ੀ ਦੀ ੧੩ ਤਾਰੀਖ਼ ਨੂੰ ਹੋਈ ਮ੍ਰਿਤੂ ਪਿੱਛੋਂ ਇਸ ਤਰ੍ਹਾਂ ਲਿਖਦਾ ਹੈ :

"ਰਬ ਹੀ ਦਸ ਸਕਦਾ ਹੈ, ਜਾਂ ਫਿਰ ਉਹ ਬੰਦਾ ਹੀ ਦਸ ਸਕਦਾ ਹੈ ਜਿਸ ਦੇ ਸਿਰ ਅਜਿਹੀ ਸੱਟ ਪੈਂਦੀ ਹੈ ਕਿ ਇਸ ਨੂੰ ਝੱਲਣਾ ਕਿੰਨਾ ਔਖਾ ਹੈ। ਇਸ ਸੱਟ ਨੇ ਮੇਰੀ ਤੇ ਲੇਡੀ ਡਲਹੌਜ਼ੀ ਦੇ ਬੱਚਿਆਂ ਦੀ ਹਾਲਤ ਨੂੰ ਹੋਰ ਵੀ ਤਰਸਯੋਗ ਕਰ ਦਿੱਤਾ ਹੈ। ਇਸ ਦਾ ਡੰਗ ਤਿੱਖਾ ਹੈ। ਮੈਂ ਰੱਬ ਦੀ ਰਜ਼ਾ ਨੂੰ ਮੰਨਣ ਦਾ ਜਤਨ ਕਰਦਾ ਹਾਂ, ਤੇ ਮੈਨੂੰ ਆਸ ਹੈ ਕਿ ਮੈਂ ਰਜ਼ਾ ਮੰਨ ਸਕਾਂਗਾ।"

ਡਲਹੌਜ਼ੀ ਨੇ ਹੋਰ ਲਿਖਿਆ :

"ਰੱਬ ਦੀ ਮਰਜ਼ੀ, ਸਾਡੀ ਮਰਜ਼ੀ ਨਹੀਂ ਹੁੰਦੀ। ਸਾਨੂੰ ਉਸ ਦੇ ਕਾਰਨ ਜਾਣਨ ਦਾ ਕੋਈ ਅਧਿਕਾਰ ਨਹੀਂ ਅਤੇ ਜੇਕਰ ਅਜਿਹਾ ਕੋਈ ਅਧਿਕਾਰ ਸਾਨੂੰ ਪ੍ਰਾਪਤ ਵੀ ਹੁੰਦਾ, ਤਾਂ ਮੈਨੂੰ ਇਹ ਗੱਲ ਮੰਨਣ ਤੋਂ ਰਤਾ ਵੀ ਸੰਕੋਚ ਨਹੀਂ ਕਿ ਜੇ ਰੱਬ ਨੂੰ ਏਹੀ ਭਾਂਵਦਾ ਹੈ ਤਾਂ ਉਸ ਪਾਸ ਮੈਨੂੰ ਅਜਿਹੀ ਸਜ਼ਾ ਜਾਂ ਦੰਡ ਦੇਣ ਦੇ ਅਨੇਕਾਂ ਕਾਰਨ ਨਿਰਸੰਦੇਹ ਮੌਜੂਦ ਹਨ।"

ਅਫ਼ਸੋਸ ਤਾਂ ਇਸ ਗੱਲ ਦਾ ਹੈ, ਕਿ ਲਾਰਡ ਡਲਹੌਜ਼ੀ ਨੂੰ ਇਹ ਅਹਿਸਾਸ ਜਾਂ ਅਜਿਹਾ ਗਿਆਨ-ਪ੍ਰਕਾਸ਼ ਬਹੁਤ ਚਿਰਕਾ ਹੋਇਆ।

ਇਹ ਸੰਖੇਪ ਕਹਾਣੀ ਹੈ, ਜਿਸ ਨੂੰ ਸਰ ਵਿਨਸਟਨ ਚਰਚਲ ਨੇ ਉਲਟ-ਪੁਲਟ ਕਰ ਕੇ ਦੱਸਣ ਦੀ ਕੋਸ਼ਿਸ਼ ਕੀਤੀ ਕਿ ਕਿਸ ਤਰ੍ਹਾਂ ਚਿਲਿਆਂ ਵਾਲੇ ਦੀ ਹਾਰ ਦੇ ਪਿਛੋਂ ਅੰਗਰੇਜ਼ਾਂ ਨੇ ਆਪਣੇ ਵਕਾਰ ਨੂੰ ਫਿਰ ਬਹਾਲ ਕਰ ਲਿਆ ਤੇ ਸਿੱਖ ਫ਼ੌਜਾਂ ਨੂੰ ਤਬਾਹ ਕਰ ਦਿੱਤਾ। ਜਾਪਦਾ ਹੈ ਸਰ ਵਿਨਸਟਨ ਨੇ ਆਪਣੇ ਯਕਤਰਫਾ ਦਿੱਤੇ ਨਿਰਣੇ ਦਾ ਆਧਾਰ ਕੇਵਲ ਸਮਕਾਲੀ ਸਰਕਾਰੀ ਲਿਖਤਾਂ ਨੂੰ ਹੀ ਬਣਾਇਆ ਹੈ। ਇਨ੍ਹਾਂ ਦਸਤਾਵੇਜ਼ਾਂ ਬਾਰੇ ਕੋਈ ਸਾਹਿਬ ਲਿਖਦਾ ਹੈ :

"ਇਨ੍ਹਾਂ ਸਰਕਾਰੀ ਕਾਗਜ਼ਾਂ ਵਿੱਚ ਅਲੈਗਜ਼ੈਂਡਰ ਬਰਨਜ਼ ਦਾ ਆਚਰਨ ਤੇ ਚਰਿਤਰ ਗਲਤ ਰੂਪ ਵਿੱਚ ਪੇਸ਼ ਕੀਤਾ ਗਿਆ ਹੈ, ਹਾਲਾਂ ਕਿ ਇਨ੍ਹਾਂ ਦਸਤਾਵੇਜ਼ਾਂ ਨੂੰ ਇਤਿਹਾਸ ਦਾ ਸਰਵ-ਸ਼੍ਰੇਸ਼ਟ ਤੇ ਪਰਮਾਣਿਕ

ਸਰੋਤ ਸਮਝਿਆ ਜਾਂਦਾ ਹੈ; ਪਰੰਤੂ ਇਹ ਤਾਂ ਤਰੋੜੀਆਂ ਮਰੋੜੀਆਂ ਜਾਅਲੀ ਲਿਖਤਾਂ ਦਾ ਇੱਕ-ਪੱਖੀ ਪਲੰਦਾ ਹੀ ਹਨ; ਇਨ੍ਹਾਂ ਉਪਰ ਲੱਗੀ ਸਰਕਾਰੀ ਮੋਹਰ ਧਿੰਙੋ-ਜ਼ੋਰੀ ਇਨ੍ਹਾਂ ਨੂੰ ਪ੍ਰਚਲਤ ਕਰ ਦਿੰਦੀ ਹੈ, ਜਿਸ ਨਾਲ ਵਰਤਮਾਨ ਨਸਲ ਧੋਖਾ ਖਾ ਜਾਂਦੀ ਹੈ ਅਤੇ ਆਉਣ ਵਾਲੀਆਂ ਨਸਲਾਂ ਦੇ ਪੱਲੇ ਕੇਵਲ ਇੱਕ ਸਫ਼ੈਦ ਝੂਠਾਂ ਦੀ ਗੰਢ ਹੀ ਪਵੇ ਗੀ; ਉਨ੍ਹਾਂ ਨੂੰ ਅਜਿਹੇ ਭਿਆਨਕ ਝੂਠ ਹੀ ਵਿਰਸੇ ਵਿੱਚ ਮਿਲਣਗੇ।"

ਪ੍ਰਸਿੱਧ ਇਤਿਹਾਸਕਾਰ ਜੇ.ਡੀ. ਕਨਿੰਘਮ (ਜਿਸ ਨੂੰ ੧੮੪੯ ਵਿੱਚ 'ਹਿਸਟਰੀ ਆਫ਼ ਦਾ ਸਿਖਸ' ਲਿਖਣ ਕਰਕੇ ਡਲਹੌਜ਼ੀ ਨੇ ਸਜ਼ਾ ਦਿੱਤੀ ਸੀ ਅਤੇ ਜਿਸ ਅਭਾਗੇ ਮਨੁੱਖ ਦੀ ਮੌਤ ਦੋ ਸਾਲ ਮਗਰੋਂ ੩੯ ਸਾਲਾਂ ਦੀ ਉਮਰ ਵਿੱਚ ਹੀ ਹੋ ਗਈ ਸੀ) ਦੇ ਛੋਟੇ ਭਰਾ ਪੀਟਰ ਕਨਿੰਘਮ ਨੇ ਕੈਨਸਿੰਗਟਨ ਵਿਖੇ ੧੮ ਜਨਵਰੀ ੧੮੫੩ ਨੂੰ ਇਸ ਪ੍ਰਕਾਰ ਲਿਖਿਆ :

"ਭਾਰਤ ਦੇ ਨਵੀਨ ਇਤਿਹਾਸ ਲਈ ਪ੍ਰਾਪਤ ਤੇ ਪ੍ਰਕਾਸ਼ਤ ਮੈਟਰ ਉਸ ਉਚ-ਪੱਧਰ ਦਾ ਨਹੀਂ ਹੈ, ਜਿਸ ਉਤੇ ਇਤਿਹਾਸਕਾਰ ਭਰੋਸਾ ਕਰ ਸਕਣ। 'ਪਾਰਲੀਮੈਂਟ ਦੇ ਦੋਹਾਂ ਸਦਨਾਂ' ਦੁਆਰਾ ਲੋਕਾਂ ਅੱਗੇ ਪੇਸ਼ ਕੀਤੇ ਗਏ ਸਰਕਾਰੀ ਕਾਗਜ਼ਾਤ ਨੂੰ ਬਦਲ ਕੇ ਸਿਆਸੀ ਜੰਗ ਬਾਰੇ ਆਰਜ਼ੀ ਨਜ਼ਰੀਏ ਦੇ ਅਨੁਕੂਲ ਬਣਾ ਦਿੱਤਾ ਗਿਆ ਹੈ ਜਾਂ ਫਿਰ ਉੱਤਰ-ਜੀਵੀਆਂ ਦੀਆਂ ਸੂਖਮ ਭਾਵਨਾਵਾਂ ਦੇ ਅਨੁਕੂਲ ਅਯੋਗ ਢੰਗ ਨਾਲ ਉਨ੍ਹਾਂ ਨੂੰ ਸੰਖੇਪ ਬਣਾ ਦਿੱਤਾ ਗਿਆ ਹੈ।"

ਇਥੇ ਇੱਕ ਅਜਿਹੀ ਮਿਸਾਲ ਇਸ ਦੇ ਸਬੂਤ ਵਜੋਂ ਦਿੱਤੀ ਜਾਣੀ ਲਾਹੇਵੰਦ ਹੋਵੇਗੀ। ਜਨਰਲ ਹੈਰੀ ਸਮਿਥ ਇੱਕ ਪੁਰਾਣਾ ਤਜਰਬੇਕਾਰ ਜਰਨੈਲ ਸੀ ਅਤੇ ਸਰ ਹੈਨਰੀ ਹਾਰਡਿੰਗ ਅਤੇ ਡਿਊਕ ਆਫ਼ ਵੈਲਿੰਗਟਨ ਦੇ ਨਾਲ ਨੈਪੋਲੀਅਨ ਵਿਰੁਧ ਵਾਟਰਲੂ ਅਤੇ ਪ੍ਰਾਇਦੀਪ-ਲੜਾਈਆਂ ਵਿੱਚ ਆਪਣੇ ਜ਼ੋਹਰ ਵਿਖਾ ਚੁੱਕਾ ਸੀ। ਫ਼ਿਰੋਜ਼ਸ਼ਾਹ ਦੀ ਲੜਾਈ ਮਗਰੋਂ ਰਣਜੋਧ ਸਿੰਘ ਮਜੀਠੀਆ ਅਤੇ ਅਜੀਤ ਸਿੰਘ ਲਾਡਵਾ ਨੇ ਸਤਲੁਜ ਪਾਰ ਕਰਕੇ ਲੁਧਿਆਣੇ ਦੀ ਅੰਗਰੇਜ਼ੀ ਛਾਉਣੀ ਨੂੰ ਸਾੜ ਦਿੱਤਾ। ਜਨਰਲ ਹੈਰੀ ਸਮਿਥ ਨੂੰ ਉਨ੍ਹਾਂ ਦੇ ਟਾਕਰੇ ਲਈ ਭੇਜਿਆ ਗਿਆ। ਬੱਦੋਵਾਲ ਦੇ ਸਥਾਨ ਤੇ ਇਸ ਜਰਨੈਲ ਨੂੰ ਭਾਰੀ ਹਾਰ ਹੋਈ; ਜਿਸ ਵਿੱਚ ਭਾਰੀ ਜਾਨੀ ਨੁਕਸਾਨ ਵੀ ਹੋਇਆ ਅਤੇ ਬਹੁਤ ਸਾਰਾ ਸਮਾਨ ਦਵਾਈਆਂ ਆਦਿ ਰਣਜੋਧ

ਸਿੰਘ ਦੇ ਹੱਥ ਲੱਗਾ, ਇਸ ਨਾਲ ਵਾਟਰਲੂ ਦੇ ਪੁਰਾਣੇ ਜਰਨੈਲ ਦੀ ਪ੍ਰਸਿੱਧੀ ਨੂੰ ਵੱਡੀ ਸੱਟ ਵੱਜੀ। ਇਸ ਤੋਂ ਇੱਕ ਹਫਤਾ ਮਗਰੋਂ, ਸਰ ਹੈਰੀ ਸਮਿਥ ਅਤੇ ਰਣਜੋਧ ਸਿੰਘ ਦੀਆਂ ਫ਼ੌਜਾਂ ਵਿਚਕਾਰ ਹੋਈ ਅਲੀਵਾਲ ਦੀ ਛੋਟੀ ਜਿਹੀ ਝੜਪ ਨੂੰ ਇੱਕ ਵੱਡੀ ਜੰਗ ਜ਼ਾਹਿਰ ਕਰਕੇ ਇਸ ਦੇ ਪੁਰਾਣੇ ਜਰਨੈਲ ਦੀ ਪ੍ਰਸਿੱਧੀ ਨੂੰ ਇਸ ਉਪ-ਦੀਪ ਵਿੱਚ ਮੁੜ ਬਹਾਲ ਕੀਤਾ ਗਿਆ।

ਇਸ ਘਟਨਾ ਬਾਰੇ ਡਾ: ਐਂਡਰਿਊ ਐਡਮਜ਼ ਲਿਖਦਾ ਹੈ, ਅਲੀਵਾਲ ਬਾਰੇ ਬੜੀ ਵਧਾ ਚੜ੍ਹਾ ਕੇ ਚਰਚਾ ਕੀਤੀ ਗਈ ਹੈ; ਪਰੰਤੂ ਬੇਲਾਗ ਦਰਸ਼ਕਾਂ ਦਾ ਬਿਆਨ ਉਸ ਸਮੇਂ ਦੇ ਲਿਖਤੀ ਵੇਰਵੇ ਨਾਲ ਮੇਲ ਨਹੀਂ ਖਾਂਦਾ :

> "ਮੈਂ ਅਲੀਵਾਲ ਦੀ ਲੜਾਈ ਦੇ ਮੈਦਾਨ ਵਿੱਚ ਕਿਸੇ ਅਜਿਹੇ ਵਿਅਕਤੀ ਨਾਲ ਘੁੰਮਿਆ ਜੋ ਲੜਾਈ ਵਿੱਚ ਮੌਜੂਦ ਸੀ। ਉਸ ਨੇ ਮੈਨੂੰ ਯਕੀਨ ਦਵਾਇਆ (ਅਤੇ ਉਸ ਦੀ ਗੱਲ ਨਾਲ ਹੋਰ ਵੀ ਬਹੁਤ ਸਾਰੇ ਸਹਿਮਤ ਸਨ) ਕਿ ਸਰਕਾਰੀ ਬਿਆਨ ਲਿਖਣ ਸਮੇਂ ਕਲਪਨਾ ਤੋਂ ਵਧੇਰੇ ਕੰਮ ਲਿਆ ਗਿਆ।" ਉਸ ਦੇ ਸ਼ਬਦ ਇਸ ਪ੍ਰਕਾਰ ਸਨ :
>
> "ਅਲੀਵਾਲ ਦੀ ਲੜਾਈ ਕੇਵਲ ਇੱਕ ਹਤਿਆ-ਕਾਂਡ ਸੀ; ਸਾਨੂੰ ਕਿਸੇ ਨੂੰ ਵੀ ਇਹ ਪਤਾ ਨਹੀਂ ਸੀ, ਕਿ ਅਸਾਂ ਕੋਈ ਲੜਾਈ ਲੜੀ ਵੀ ਹੈ ਜਾਂ ਨਹੀਂ; ਇਸ ਦਾ ਸਾਨੂੰ ਉਦੋਂ ਪਤਾ ਲੱਗਾ, ਜਦੋਂ ਇੱਕ ਦਸਤਾਵੇਜ਼ ਵਿੱਚ ਇਸ ਦਾ ਵੇਰਵਾ ਛਪਿਆ, ਜਿਸ ਵਿੱਚ ਹਰ ਸੰਬੰਧਤ ਵਿਅਕਤੀ ਬਾਰੇ ਵਧਾ ਚੜ੍ਹਾ ਕੇ ਲਿਖਿਆ ਹੋਇਆ ਸੀ।"
>
> "ਪਰੰਤੂ, ਲੋਕਾਂ ਨੇ ਇਸ ਝੂਠ ਨੂੰ ਹਜ਼ਮ ਕਰ ਲਿਆ ਤੇ ਇਸ ਨੂੰ ਸੱਚ ਮੰਨ ਲਿਆ। ਸਾਡੀਆਂ ਕਈ ਇੱਕ ਹਿੰਦੁਸਤਾਨੀ ਲੜਾਈਆਂ ਅਤੇ ਮਹਾਨ ਗ਼ਲਤੀਆਂ ਵਾਂਗ ਲੜਾਈ ਦੇ ਅੰਤਮ ਪਰਿਣਾਮ ਨੇ ਕਿਸੇ ਪ੍ਰਕਾਰ ਦੀ ਨੁਕਤਾਚੀਨੀ ਦਾ ਮੂੰਹ ਭੰਨ ਦਿੱਤਾ।"

ਇਹ ਹੈ ਉਨ੍ਹਾਂ ਜਾਂਬਾਜ਼ ਸਿੱਖ ਸੂਰਮਿਆਂ ਦੀ ਸੰਖੇਪ ਪਰ ਨਿਰਾਸ਼ਾ-ਭਰੀ ਦਰਦਨਾਕ ਕਹਾਣੀ, ਜਿਨ੍ਹਾਂ ਨੇ ਦੂਜੀ ਬਰਤਾਨਵੀ ਮੁਹਿੰਮ ਵਿੱਚ ੧੮੪੧ ਦੇ ਅਫ਼ਗਾਨ ਧਰੋਹ ਦਾ ਬਦਲਾ ਲਿਆ; ਇਹ ਕਹਾਣੀ ਹੈ, ਉਨ੍ਹਾਂ ਬਹਾਦਰ ਸਿੱਖ ਸਿਪਾਹੀਆਂ ਦੀ, ਜਿਨ੍ਹਾਂ ਨੇ ਸਤਲੁਜ ਦਰਿਆ ਪਾਰ ਕੀਤਾ; ਇਹ ਦਰਦ ਭਰੀ ਵਿਥਿਆ ਹੈ, ਫਿਰੋਜ਼ਸ਼ਾਹ ਤੇ ਸਭਰਾਉਂ ਦੀਆਂ ਖੂੰ-ਰੇਜ਼ ਲੜਾਈਆਂ ਦੀ; ਇਹ ਅਥਰੂ-ਵਹਾਂਦੀ

ਕਹਾਣੀ ਹੈ, ਰੋਹਤਾਸ ਤੇ ਯੂ.ਪੀ. ਦੇ ਦੋ ਭਾੜੇ-ਦੇ-ਟਟੂਆਂ ਲਾਲ ਸਿੰਘ ਤੇ ਤੇਜ਼ ਸਿੰਘ ਦੀ, ਅਲਫ਼ ਨੰਗੀ ਦਗ਼ੇਬਾਜ਼ੀ ਤੇ ਰਾਜ ਗ਼ਦਾਰੀ ਦੀ; ਇਹ ਵਾਰਤਾ ਹੈ, ਧਿਆਨ ਸਿੰਘ, ਗੁਲਾਬ ਸਿੰਘ ਤੇ ਹੀਰਾ ਸਿੰਘ ਜਿਹੇ ਮੱਕਾਰ ਡੋਗਰਿਆਂ ਦੀਆਂ ਕਮੀਨੀਆਂ ਪਰ ਸਿਰਤੋੜ ਤੇ ਨਿਰਦੱਈ ਚਾਲਾਂ ਤੇ ਸਾਜ਼ਿਸ਼ਾਂ ਦੀ; ਇਹ ਵਾਰ ਹੈ, ਸਿੱਖ ਯੋਧੇ ਸਿਪਾਹੀਆਂ ਦੀ ਬੇਮਿਸਾਲ ਵਫ਼ਾ, ਕੁਰਬਾਨੀ ਤੇ ਜੰਗ ਵਿੱਚ ਜੂਝ ਮਰਨ ਦੀ ਇਹ ਦਾਸਤਾਨ ਹੈ, ਰੀਜੈਂਸੀ ਦੀ ਕਪਟੀ ਸਥਾਪਨਾ ਦੀ; ਇਹ ਵੇਰਵੇ ਭਰੀ ਕਹਾਣੀ ਹੈ, ਚਿਲਿਆਂ ਵਾਲੇ ਦੀ ਪ੍ਰਸਿੱਧ ਲੜਾਈ ਦੀ ਇਹ ਅਸਲ ਵਾਰਤਾ ਹੈ, ਕਥਿਤ ਬਰਤਾਨਵੀ ਨਾਮਣੇ ਦੇ ਪੁਨਰ-ਨਿਸਤਾਰੇ ਦੀ ਅਤੇ ਇਹ ਅਲਾਹੁਣੀ ਹੈ, ਉਸ ਮਹਾਨ ਸਿੱਖ ਫ਼ੌਜ ਦੀ ਅੰਤਿਮ ਤਬਾਹੀ ਤੇ ਬਰਬਾਦੀ ਦੀ, ਜਿਸ ਜਾਂਬਾਜ਼ ਤੇ ਵਫ਼ਾਦਾਰ ਫ਼ੌਜ ਦੀਆਂ ਅਨੇਕਾਂ ਯਾਦਗਾਰੀ ਮੁਹਿੰਮਾਂ ਕਰਕੇ, ਅਤੇ ਜਿਸ ਦੀਆਂ ਬਹਾਦਰੀ ਤੇ ਸੂਰਮਗਤੀ ਨਾਲ ਭਰਪੂਰ ਅਭੁੱਲ ਕੁਰਬਾਨੀਆਂ ਉੱਪਰ, ਪਿਛਲੀ ਸਦੀ ਵਿੱਚ ਉਤਰ-ਪੱਛਮੀ ਭਾਰਤ ਦੀ ਆਜ਼ਾਦੀ ਤੇ ਪਾਣੀ-ਪੱਤ ਆਧਾਰਤ ਰਹੀ।

ਅੰਤ ਉਤੇ ਅਸੀਂ ਅਤਿ ਨਿਮਰਤਾ ਸਹਿਤ ਕਹਿ ਸਕਦੇ ਹਾਂ, ਕਿ ਅੰਗਰੇਜ਼ਾਂ-ਸਿੱਖਾਂ ਦੀਆਂ ਲੜਾਈਆਂ ਬਾਰੇ ਸਵਰਗੀ ਵਿਨਸਟਨ ਚਰਚਲ ਦੇ ਨਿਰਣੇ ਜਾਂ ਅੰਤਮ ਫੈਸਲੇ ਅਤੇ ਇਨ੍ਹਾਂ ਲੜਾਈਆਂ ਦੇ ਫਲਸਰੂਪ ਅਖੀਰ ਅੰਗਰੇਜ਼ਾਂ ਦੇ ਪੰਜਾਬ ਉਪਰ ਹੋਏ ਕਬਜ਼ੇ ਦੀ ਨਾ ਤਾਂ ਇਤਿਹਾਸ ਹੀ ਸ਼ਾਹਦੀ ਭਰਦਾ ਹੈ ਅਤੇ ਨਾ ਹੀ ਇਹ ਤੱਥ ਉਨਾਂ ਪ੍ਰਸਿੱਧ ਅੰਗਰੇਜ਼ ਵਿਦਵਾਨਾਂ ਦੀਆਂ ਗਵਾਹੀਆਂ ਤੋਂ ਸਹੀ ਸਿੱਧ ਹੁੰਦੇ ਹਨ, ਜਿਨ੍ਹਾਂ ਦੇ ਹੱਥ ਵਿੱਚ ਭਾਰਤ ਦੇ ਇੰਗਲੈਂਡ ਵਿੱਚ ਉਸ ਮੰਦ-ਭਾਗੀ ਸਾਰੇ ਮਾਮਲਿਆਂ ਦੀ ਵਾਗਡੋਰ ਹੀ ਸੀ।

## ਟੂਕਾਂ ਦੇ ਹਵਾਲੇ


੧ ਵਿਨਸਟਨ ਚਰਚਲ : "ਹਿਸਟਰੀ ਆਫ਼ ਦਾ ਇੰਗਲਿਸ਼ ਸਪੀਕਿੰਗ ਪੀਪਲਜ਼", ਜਿਲਦ ਚੌਥੀ, ਪੰਨਾ ੬੫

੨ ਉਹੀ, ਪੰਨੇ ੬੫-੬੬

੩ ਐਡਵਰਡਜ਼ ਐਂਡ ਮੈਰੀਵੇਲ : "ਲਾਈਫ ਆਫ਼ ਹੈਨਰੀ ਲਾਰੰਸ", ਪੰਨਾ ੩੬੩

੪ ਉਹੀ, ਪੰਨਾ ੪੦੭

੫ ਕਨਿੰਘਮ, ਜੇ.ਡੀ. : "ਹਿਸਟਰੀ ਆਫ਼ ਦਾ ਸਿਖਸ, ਪੰਨਾ ੨੨੯

੬ ਉਹੀ, ਪੰਨਾ ੧੯੩

੭ ਉਹੀ, ਪੰਨਾ ੧੯੩

੮ ਐਡਵਰਡਜ਼ ਐਂਡ ਮੈਰੀਵੇਲ : "ਲਾਈਫ ਆਫ਼ ਹੈਨਰੀ ਲਾਰੰਸ", ਪੰਨੇ ੨੧੬-੨੧੭

੯ ਬ੍ਰਿਟਿਸ਼ ਇੰਡੀਆ, ੧੧, ੧੮੪੧

੧੦ (ਮੇਜਰ ਜਨਰਲ) ਸਰ ਹੈਰਬੈਰਟ ਐਡਵਰਡਜ਼ : "ਲਾਈਫ਼ ਆਫ ਸਰ ਹੈਨਰੀ ਲਾਰੰਸ"

੧੧ "ਹਿਸਟਰੀ ਆਫ਼ ਦੀ ਰੇਨਿੰਗ ਫੈਮਲੀ ਆਫ਼ ਲਾਹੌਰ"

੧੨ (ਸਰ) ਜਾਰਜ ਕੈਂਪਬੈਲ : "ਮੈਮਾਇਰਜ਼ ਆਫ਼ ਮਾਈ ਇੰਡੀਅਨ ਕੈਰੀਅਰ", ਪੰਨਾ ੭੮

੧੩ ਕਸਟ : "ਲਿੰਗੁਇਸਟਿਕ ਐਂਡ ਓਰੀਐਂਟਲ ਐਸੇਜ਼", ਜਿਲਦ ੫, ਪੰਨੇ ੪੬-੪੭

੧੪ ਸਮਿਥ : "ਲਾਈਫ਼ ਆਫ਼ ਲਾਰਡ ਲਾਰੰਸ"

੧੫ "ਲਾਈਫ ਐਂਡ ਕੈਮਪੇਨਜ਼ ਆਫ਼ ਵਾਈਕਾਊਂਟ ਗਫ", ਪੰਨਾ ੧੦੮